ਵਧਾਈ ੴ ਸਤਿਗੁਰ ਪ੍ਰਸਾਦਿ ਵਧਾਈ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ, ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ

ਸੂਰਜ ਨਿਕਲਿਆ



ਗੁਰੂ ਨਾਨਕ ਮਿਸ਼ਨ ਲੜੀ ਦਾ ੫੦ਵਾਂ ਟ੍ਰੈਕਟ

ਗੁਰੂ ਨਾਨਕ ਮਿਸ਼ਨ ਪਟਿਆਲਾ

ੴ ਸਤਿਗੁਰ ਪ੍ਰਸਾਦਿ ॥

ਸਮਾਂ

ਸਤਿਗੁਰੂ ਨਾਨਕ ਦੇਵ ਜੀ ਸੰਨ ੧੪੬੯ ਵਿਚ ਸੰਸਾਰ ਤੇ ਪ੍ਰਗਟ ਹੋਏ। ਅਕਾਲ ਪੁਰਖ ਵਲੋਂ ਇਹ ਰਹਿਮਤ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਤੇ ਹੋਈ ਕਿ ਗੁਰੂ ਜੋਤਿ ਉਨ੍ਹਾਂ ਦੇ ਘਰ ਪ੍ਰਗਟੀ। ਆਪ ਦੇ ਨੰਨ੍ਹੇ ਨੰਨ੍ਹੇ ਚਰਣ ਕਵਲਾਂ ਦੀ ਪਹਿਲੀ ਛੋਹ ਦਾ ਮਾਨ ਰਾਇ ਭੋਇ ਦੀ ਤਲਵੰਡੀ ਦੀ ਭਾਗਭਰੀ ਧਰਤੀ ਨੂੰ ਪ੍ਰਾਪਤ ਹੋਇਆ। ਇਸ ਧਰਤੀ ਦਾ ਮਾਲਕੀ ਅਧਿਕਾਰ ਉਸ ਸਮੇਂ ਰਾਇ ਬੁਲਾਰ ਭਟੀ ਨੂੰ ਸੀ, ਮਹਿਤਾ ਕਾਲੂ ਜਿਸ ਦਾ ਇਕ ਕਰਿੰਦਾ ਸੀ। ਤਲਵੰਡੀ ਪੰਜਾਬ ਰਾਜ ਦੀ ਇਕ ਘੁਘ ਵਸਦੀ ਨਗਰੀ ਇਸ ਦੀ ਰਾਜਧਾਨੀ ਲਾਹੌਰ ਤੋਂ ਚਾਲੀ ਕੁ ਕੋਹ ਦੀ ਵਿਥ ਤੇ ਸੀ, ਅਤੇ ਦਰਿਆ ਰਾਵੀ ਇਸ ਦੇ ਦਖਣ ਪਛੋਂ ਦੇ ਰੁਖ਼ ਦਸ ਕੁ ਕੋਹਾਂ ਤੇ ਵਗਦਾ ਸੀ।

ਦੇਸ ਉਤੇ ਰਾਜ ਅਧਿਕਾਰ ਉਸ ਸਮੇਂ ਲੋਧੀ ਪਠਾਣਾਂ ਦਾ ਸੀ, ਜਿਨਾਂ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਸੰਨ ੧੪੫੧ ਵਿਚ ਰਾਜ ਗਦੀ ਤੇ ਬੈਠਾ ਸੀ। ਇਸ ਤੋਂ ਪਿਛੋਂ ਉਸ ਦੇ ਪੁੱਤਰ ਸਿਕੰਦਰ ਲੋਧੀ ਨੇ ਸੰਨ ੧੪੮੮ ਵਿਚ ਅਤੇ ਪੋਤਰੇ ਇਬ੍ਰਾਹੀਮ ਲੋਧੀ ਨੇ ਸੰਨ ੧੫੧੫ ਵਿਚ ਰਾਜ ਸੰਭਾਲਿਆ। ਸੰਨ ੧੫੨੬ ਵਿਚ ਮੁਗ਼ਲ ਬਾਦਸ਼ਾਹ ਬਾਬਰ ਦੇ ਹਮਲੇ ਸਮੇਂ ਪਾਨੀਪਤ ਦੇ ਮੈਦਾਨ ਵਿਚ ਇਬਰਾਹੀਮ ਮਾਰਿਆ ਗਿਆ ਅਤੇ ਭਾਰਤ ਉਤੇ ਮੁਗ਼ਲ ਹਕੂਮਤ ਦਾ ਰਾਜ ਅਧਿਕਾਰ ਹੋ ਗਿਆ।

ਲੋਧੀ ਘਰਾਣੇ ਦੇ ਰਾਜ ਸੰਭਾਲਣ ਤੋਂ ਢਾਈ ਸੌ ਸਾਲ ਪਹਿਲੋਂ ਤੋਂ ਭਾਰਤ ਉਤੇ ਮੁਸਲਮਾਨ ਬਾਦਸ਼ਾਹ ਰਾਜ ਕਰਦੇ ਆ ਰਹੇ ਸਨ।

ਇਹ ਇਕ ਪੁਰਖੇ ਰਾਜ ਦਾ ਜ਼ਮਾਨਾ ਸੀ ਜਿਸ ਵਿਚ ਜਨ ਸਾਧਾਰਨ ਦੀ ਕੋਈ ਆਵਾਜ਼ ਨਹੀਂ ਸੀ। ਰਾਜ ਕਾਜ ਮੁਸਲਮਾਨ ਹਾਕਮਾਂ ਦੇ ਹੱਥ ਵਿਚ ਸੀ ਅਤੇ ਅਸਲ ਭਾਰਤ ਵਾਸੀ ਹਿੰਦੂ ਇਨ੍ਹਾਂ ਦੀ ਰਿਆਇਆ ਸਨ।

ਰਾਜ ਅਧਿਕਾਰੀ ਲੋਕਾਂ ਦੀ ਹਮੇਸ਼ਾਂ ਇਹ ਇੱਛਾ ਹੋਇਆ ਕਰਦੀ ਹੈ ਕਿ ਜਨਤਾ ਉਨ੍ਹਾਂ ਦੇ ਧਰਮ, ਉਨ੍ਹਾਂ ਦੀ ਵਿਚਾਰ ਧਾਰਾ, ਉਨ੍ਹਾਂ ਦੀ ਰਹਿਣੀ, ਅਤੇ ਬੋਲੀ ਨੂੰ ਅਪਨਾਵੇ। ਇਹ ਇੱਛਾ ਮੁਸਲਮਾਨ ਅਧਿਕਾਰੀਆਂ ਵਿਚ ਬਹੁਤ ਜ਼ਿਆਦਾ ਰਹੀ ਹੈ ਅਤੇ ਇਤਿਹਾਸ ਸਾਖੀ ਹੈ ਕਿ ਮੁਸਲਮਾਨ ਹਕੂਮਤ ਜਿਸ ਦੇਸ ਵਿਚ ਭੀ ਸਥਾਪਤ ਹੋਈ, ਹਕੂਮਤ ਨੇ ਦੇਸ ਨੂੰ ਸਮੁਚੇ ਤੌਰ ਇਸਲਾਮੀ ਦੇਸ ਬਣਾ ਲੈਣ ਦੇ ਸਿਰ ਤੋੜ ਜਤਨ ਕੀਤੇ ਅਤੇ ਅਣ-ਮੁਸਲਮਾਨੀ ਵਸੋਂ ਨੂੰ ਜਾਂ ਤਾ ਦੇਸ ਨਿਕਾਲਾ ਲੈਣਾ ਪਿਆ ਅਤੇ ਜਾਂ ਹਾਕਮਾਂ ਦੇ ਅਨੁਸਾਰੀ ਹੋ ਕੇ ਰਹਿਣਾ ਪਿਆ। ਇਸ ਦੀਆਂ ਜੀਂਦੀਊਆਂ ਮਿਸਾਲਾਂ ਭਾਰਤ ਦੇ ਉਤਰ ਪਛਮ ਦੇ ਸਾਰੇ ਦੇਸ ਅਤੇ ਵਰਤਮਾਨ ਸਮੇਂ ਵਿਚ ਪਛਮੀ ਤੇ ਪੂਰਬੀ ਪਾਕਿਸਤਾਨ ਹਨ।

ਭਾਰਤ ਅੰਦਰ ਮੁਸਲਮਾਨੀ ਰਾਜ ਸਥਾਪਤ ਹੋਣ ਅਥਵਾ ਤੇਰ੍ਹਵੀ ਸਦੀ ਈਸਵੀ ਤੋਂ ਲੈ ਕੇ ਅਠਾਰ੍ਹਵੀ ਸਦੀ ਤਕ ਹਕੂਮਤ ਦਾ ਜਨਤਾ ਨਾਲ ਇਹੋ ਵਰਤਾਓ ਰਿਹਾ, ਜਿਸ ਦਾ ਇਹ ਸਿੱਟਾ ਹੈ ਕਿ ਭਾਰਤ ਅੰਦਰ ਬਾਹਰੋਂ ਆਏ ਮੁਠੀ ਭਰ ਮੁਸਲਮਾਨਾਂ ਦੀ ਗਿਣਤੀ ਵਧਦੀ ਵਧਦੀ ਕ੍ਰੋੜਾਂ ਤਕ ਅਪੜ ਗਈ, ਅਤੇ ਭਾਰਤ ਦੇ ਇਕ ਵਡੇ ਟੁਕੜੇ ਨੂੰ ਇਨ੍ਹਾਂ ਨੇ ਵਖਰਾ ਇਸਲਾਮੀ ਦੇਸ (ਪਾਕਿਸਤਾਨ) ਬਣਾ ਲਿਆ ਅਤੇ ਰਹਿੰਦੇ ਭਾਰਤ ਵਿਚ ਭੀ ਇਨ੍ਹਾਂ ਆਪਣੇ ਪੈਰ ਜਮਾਈ ਰਖੇ।

ਸਾਰਾ ਭਾਰਤ ਨਿਰੋਲ ਮੁਸਲਮਾਨੀ ਦੇਸ ਕਿਉਂ ਨਾ ਬਣ ਸਕਿਆ, ਇਸ ਦੇ ਪਿਛੇ ਭਾਰਤੀ ਹਿੰਦੂ ਜਨਤਾ ਦਾ ਇਕ ਆਚਰਨਕ ਖਾਸਾ (Characteristic) ਇਹ ਹੈ ਕਿ ਹਿੰਦੂ ਸਮੇਂ ਦੀ ਲੋੜ ਨੂੰ ਬਹੁਤ

ਚੰਗੀ ਤਰ੍ਹਾਂ ਸਮਝ ਤੇ ਗ੍ਰਹਿਨ ਕਰ ਲੈਣ ਦਾ ਸੁਭਾਓ ਰਖਦਾ ਹੈ ਅਤੇ ਕਿਸੇ ਭੀ ਭੀੜ ਪੈਣ ਤੇ ਇਹ ਆਪਣੇ ਆਪ ਨੂੰ ਜਾਬਰ ਅਤੇ ਡਾਢੇ ਹਾਕਮਾਂ ਦੇ ਅਨੁਯਾਈ ਬਣਾ ਲੈਣ ਵਿਚ ਢਿੱਲ ਨਹੀਂ ਪੈਣ ਦੇਂਦਾ ਅਥਵਾ ਇਸ ਦੀ ਸਹਿ ਗੁਜ਼ਰਨ ਦੀ ਸ਼ਕਤੀ ਦੋਸ਼ ਦੀ ਹਦ ਨੂੰ ਛੋਹ ਲੈਣ ਤੋਂ ਭੀ ਸੰਕੋਚ ਨਹੀਂ ਕਰਦੀ, ਜਿਸ ਦਾ ਵਰਨਣ ਸਤਿਗੁਰੂ ਜੀ ਦੀ ਬਾਣੀ ਅੰਦਰ ਬਹੁਤ ਥਾਈਂ ਮਿਲਦਾ ਹੈ। ਯਾਰ੍ਹਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਭਾਰਤ ਉਤੇ ਕੀਤੇ ਹਮਲਿਆਂ ਤੋਂ ਲਗ ਕੇ ਲੋਧੀ ਬਾਦਸ਼ਾਹਾਂ ਦੇ ਸਮੇਂ ਤਕ ਭਾਰਤੀ ਲੋਕਾਂ ਨਾਲ ਜੋ ਗੁਜ਼ਰਦੀ ਰਹੀ ਅਤੇ ਜਿਸ ਤਰ੍ਹਾਂ ਉਹ ਇਨ੍ਹਾਂ ਦੇ ਜਬਰ ਤੇ ਅਤਿਆਚਾਰ ਸਹਿੰਦੇ ਰਹੇ ਇਸ ਦਾ ਇਤਿਹਾਸ ਸਾਖੀ ਹੈ: ਹਿੰਦੂਆਂ ਦੇ ਮੰਦਰ ਢਾਹੇ ਗਏ, ਮੂਰਤੀਆਂ ਤੇ ਬੁਤ ਤੋੜੇ ਗਏ, ਹਜ਼ਾਰਾਂ ਹਿੰਦੂਆਂ ਅਤੇ ਉਨ੍ਹਾਂ ਦੀਆਂ ਪੂਜਯ ਗਊਆਂ ਦੇ ਕਤਲ ਅਤੇ ਉਨ੍ਹਾਂ ਦੇ ਲਹੂ ਨਾਲ ਬੁਤਾ ਨੂੰ ਨੁਹਾਇਆ ਜਾਂਦਾ, ਮੰਦਰਾਂ ਥਾਵੇਂ ਮਸੀਤਾਂ ਬਣਾਈਆਂ ਗਈਆਂ। ਹਿੰਦੂਆਂ ਨੂੰ ਜਬਰੀ ਗੋ ਮਾਸ ਖੁਆਇਆ ਜਾਂਦਾ ਅਤੇ ਜੋ ਦੀਨ ਇਸਲਾਮ ਕਬੂਲਣ ਤੋਂ ਇਨਕਾਰ ਕਰਦੇ, ਕਤਲ ਕੀਤੇ ਜਾਂਦੇ। ਛੋਟੇ ਤੋਂ ਛੋਟਾ ਮੁਸਲਮਾਨ ਭੀ ਆਪਨੇ ਆਪ ਨੂੰ ਹਾਕਮ ਸ਼੍ਰੇਣੀ ਦਾ ਬੰਦਾ ਸਮਝਦਾ ਹੋਇਆ ਹਿੰਦੂ ਦੀ ਪਤ ਲਾਹੁਣ ਤੋਂ ਸੰਕੋਚ ਨਾ ਕਰਦਾ। ਹਿੰਦੂ ਘਰ ਵਿਚ ਸੁੰਦਰ ਜਵਾਨ ਇਸਤਰੀ ਤੇ ਧਨ ਪਦਾਰਥ ਦਾ ਹੋਣਾ ਉਸ ਦੀ ਜਾਨ ਦੇ ਤੋਖਲੇ ਦਾ ਕਾਰਨ ਬਣ ਜਾਂਦਾ। ਕੀਮਤੀ ਬਸਤਰ ਪਹਿਨਣਾ, ਘੋੜੇ ਦੀ ਸਵਾਰੀ, ਸ਼ਸਤਰ ਅਤੇ ਹੋਰ ਹਰ ਕਿਸਮ ਦਾ ਠਾਠ ਬਾਠ ਹਿੰਦੂ ਦੀ ਬੇਪਤੀ ਦੀ ਵਿੰਗਾਰ ਹੁੰਦੀ। ਘਰ ਵਿਚ ਗਾਂ ਰਖਣ ਤੇ ਵਿਸ਼ੇਸ਼ ਜਜ਼ੀਆ (ਟੈਕਸ) ਲਗਦਾ। ਪਬਲਿਕ ਤੌਰ ਹਵਨ ਜਾਂ ਪੂਜਾ ਪਾਠ ਕਰਨ ਤੇ ਪਾਬੰਦੀ ਲਗਾਈ ਜਾਂਦੀ, ਤੀਰਥ ਯਾਤਰਾ ਅਤੇ ਹਿੰਦੂ ਤਿਉਹਾਰਾਂ ਤੇ ਮੇਲਿਆਂ ਸਮੇਂ ਉਚੇਚੇ ਟੈਕਸ ਵਸੂਲੇ ਜਾਂਦੇ। ਦੇਸ ਦੀ ਰਾਜ ਭਾਸ਼ਾ ਫਾਰਸੀ ਹੋਣ ਕਰਕੇ ਥੋੜ੍ਹੀ ਬਹੁਤ ਵਿਦਿਆ ਜੋ ਸਰਕਾਰੀ ਤੌਰ ਦਿਤੀ ਜਾਂਦੀ ਸੀ ਉਸ ਦਾ ਮਾਧਿਅਮ ਭੀ ਫਾਰਸੀ ਹੀ

ਸੀ ਅਤੇ ਸੰਸਕ੍ਰਿਤ ਜਾਂ ਹੋਰ ਲੋਕ ਮਾਤ ਭਾਸ਼ਾ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਨਾ ਖੁਲ੍ਹੇ ਤੌਰ ਇਹ ਪੜ੍ਹਾਈ ਹੀ ਜਾ ਸਕਦੀ ਸੀ। ਲੋਕ ਪਹਿਰਾਵਾ ਅਤੇ ਬੋਲ ਚਾਲ ਭੀ ਇਸਲਾਮੀ ਰੰਗਤ ਫੜ ਚੁਕਾ ਸੀ। ਇਹ ਸੀ ਰਾਜ ਸਮਾਜ ਦੀ ਦਸ਼ਾ ਲੋਧੀ ਬਾਦਸ਼ਾਹਾਂ ਦੇ ਸਮੇਂ, ਜਦੋਂ ਸਤਿਗੁਰੂ ਨਾਨਕ ਦੇਵ ਜੀ ਸੰਸਾਰ ਤੇ ਆਏ। ਆਪ ਨੇ ਅਜੇਹੀ ਦਸ਼ਾ ਦਾ ਚਿੱਤਰ ਆਪਣੀ ਬਾਣੀ ਅੰਦਰ ਭੀ ਚਿਤਰਿਆ ਹੈ ਜਿਸ ਵਿਚੋਂ ਕੁਝ ਕੁ ਸਤਰਾਂ ਪਾਠਕਾਂ ਦੇ ਲਾਭ ਹਿਤ ਹੇਠਾ ਦਰਜ ਹਨ :

'ਰਾਜੇ ਸੀਂਹ ਮੁਕਦਮ ਕੁਤੇ
ਜਾਇ ਜਗਾਇਨਿ ਬੈਠੇ ਸੁਤੇ
ਚਾਕਰ ਨਹਦਾ ਪਾਇਨਿ ਘਾਉ
ਰਤੁ ਪਿਤੁ ਕੁਤਿਹੋ ਚਟਿ ਜਾਹੁ। (ਵਾਰ ਮਲਾਰ)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ। ਧਰਾਸਰੀ
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। (ਆਸਾ)
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ (ਆਸਾ)

ਬਾਬਰ ਦੇ ਹਮਲਿਆਂ ਅਤੇ ਉਸ ਸਮੇਂ ਦੀ ਦੇਸ ਦਸ਼ਾ ਦਾ ਚਿੱਤਰ ਇਨਾਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਇ ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।

... ...

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।'
(ਤਿਲੰਗ)

ਅਤੇ 'ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ।
ਦੂਤਾਂ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ' । (ਆਸਾ)

ਭਾਰਤ ਅਤੇ ਭਾਰਤੀ ਜਨਤਾ ਦੀ ਸਮੁਚੇ ਤੌਰ ਰਾਜਸੀ ਦਸ਼ਾ ਦੀ ਇਹ ਤਸਵੀਰ ਹੋਰ ਵਧੇਰੇ ਉਘੜਦੀ ਹੈ ਜਦੋਂ ਅਸੀਂ ਇਸ ਦੀਆਂ ਲਹੂ ਰੰਗੀਆਂ ਬੁਰਸ਼ ਛੋਹਾਂ ਹੇਠ ਉਲੀਕੇ ਚਿਤਰ ਨੂੰ ਇਸ ਦੇ ਨੰਗੇ ਰੂਪ ਅੰਦਰ ਤਕਦੇ ਹਾਂ । ਭਾਰਤੀ ਸਮਾਜ ਦੀ ਸਦੀਆਂ ਪੁਰਾਣੀ ਵਰਣ ਵੰਡ (ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ) ਜੋ ਕਿਸੇ ਸਮੇਂ ਕੰਮਾਂ ਦੀ ਵੰਡ (Division of Labour) ਦੇ ਅਸੂਲ ਤੇ ਦੇਸ ਦੀ ਸਮੁਚੇ ਤੌਰ ਭਲਾਈ ਲਈ ਕੀਤੀ ਗਈ ਸੀ, ਦਾ ਨਾਜਾਇਜ਼ ਲਾਭ ਲੈਣ ਲਈ ਮੁਖੀ ਵਰਣ ਸ਼ਰੇਣੀ-ਬ੍ਰਾਹਮਣ ਨੇ ਇਸ ਦੀ ਰੂਪ ਰੇਖਾ ਕੁਝ ਐਉਂ ਜੇਹੀ ਉਲੀਕ ਲਈ, ਜਿਸ ਨਾਲ ਸਾਰਾ ਸਮਾਜ ਫੀਤੀ ਫੀਤੀ ਹੋ ਕੇ ਬ੍ਰਾਹਮਣ ਦੇਵ ਦਾ ਗੁਲਾਮ ਹੋ ਗਿਆ । ਵਰਣ ਵੰਡ ਅਨੁਸਾਰ ਵਿਦਿਆ ਦਾ ਪੜ੍ਹਨਾ ਪੜ੍ਹਾਉਣਾ ਕੇਵਲ ਬ੍ਰਾਹਮਣ ਦੇ ਹਿਸੇ ਆਇਆ ਸੀ । ਬਾਕੀ ਤਿੰਨ ਸ਼੍ਰੇਣੀਆਂ ਇਸ ਵਲੋਂ ਵੰਚਤ ਹੋ ਜਾਣ ਕਾਰਨ ਆਪਣੇ ਲਈ ਹਰ ਤਰ੍ਹਾਂ ਦੀ ਸੇਧ ਬ੍ਰਾਹਮਣ ਪਾਸੋਂ ਹੀ ਲੈਂਦੀਆਂ ਸਨ । ਇਨ੍ਹਾਂ ਦੀ ਸਮੁਚੀ, ਧਾਰਮਕ ਸਮਾਜਕ ਰਾਜਸੀ ਤੇ ਭਾਈਚਾਰਕ ਕਿਰਿਆ ਦਾ ਉਲੀਕਣਾ ਬ੍ਰਾਹਮਣ ਦਾ ਕਰਮ ਸੀ ਅਤੇ ਬ੍ਰਾਹਮਣ ਦੇ ਉਲੀਕੇ ਰਸਤੇ ਤੋਂ ਲਾਂਭੇ ਜਾਣਾ ਕਿਸੇ ਲਈ ਸੰਭਵ ਨਹੀਂ ਸੀ । ਬ੍ਰਾਹਮਣ ਨੇ ਆਪਣੀ ਅਜੇਹੀ ਅਣੋਖੀ ਤੇ ਪ੍ਰਭਾਵ ਪੂਰਤ ਸਥਿਤੀ ਦਾ ਲਾਭ ਲੈਣ ਲਈ ਕੁਝ ਐਸੇ ਕਰਮ ਕਾਂਡਾਂ ਦਾ ਜਾਲ ਤਣ ਦਿਤਾ ਹੋਇਆ ਸੀ ਕਿ ਜਨਮ ਤੋਂ ਲੈ ਕੇ ਮਰਣ ਤਕ ਅਤੇ ਉਸ ਤੋਂ ਪਿਛੋਂ ਭੀ ਇਨ੍ਹਾਂ ਤਿੰਨ ਸ਼੍ਰੇਣੀਆਂ ਦਾ ਕੋਈ ਮਨੁਖ ਬ੍ਰਾਹਮਣ ਦੇਵ ਨੂੰ ਖੁਸ਼ ਕੀਤੇ ਬਿਨਾਂ ਆਪਣੀ ਗਤੀ ਨਹੀਂ ਸਮਝਦਾ ਸੀ ਅਤੇ ਨਾ ਇਸ ਜੀਵਨ ਅੰਦਰ ਸੁਖ ਅਤੇ ਸ਼ਾਂਤੀ ਨਾਲ ਰਹਿ ਸਕਦਾ ਸੀ, ਜਨਮ ਦੇ ਸੂਤਕ, ਧਰਮ ਵਿਚ ਪਰਵੇਸ਼ ਲਈ ਜਨੇਊ, ਵਿਆਹ ਸ਼ਾਦੀ ਅਤੇ ਹੋਰ ਹਰ ਕੰਮ ਅਰੰਭਣ ਲਈ

ਸਗਣ ਅਪ-ਸਗਣ ਦੇ ਵਿਚਾਰ, ਮੋਏ ਤੇ ਪਾਤਕ ਤੇ ਪਿੰਡ ਪਤਲ ਅਤੇ ਮੋਏ ਪਿਛੋਂ ਸਾਲ ਬਸਾਲੀ ਸਰਾਧ, ਘਰੋਂ ਬਾਹਰ ਪੈਰ ਪਾਣ ਜਾਂ ਕੋਈ ਕਾਜ ਅਰੰਭਣ ਲਈ ਸ਼ੁਭ ਅਸ਼ੁਭ ਸਮੇਂ ਦੇ ਵਿਚਾਰ ਤੇ ਥਿਤਾਂ ਵਾਰ ਤੇ ਘੜੀਆਂ ਪਹਿਰਾਂ ਦੀ ਗਿਣਤੀ ਮਿਣਤੀ ਆਦੀ ਸਮੂਚੀ ਜੀਵਨ ਪ੍ਰਣਾਲੀ ਅੰਦਰ ਬ੍ਰਾਹਮਣ ਦੇਵ ਦੀ ਅਗਵਾਈ, ਉਸ ਦੀ ਪੂਜਾ ਅਤੇ ਸੰਤੁਸ਼ਟਤਾ-ਪ੍ਰਾਪਤੀ ਵਰਣ ਵਿਚਾਰ ਭਰਪੂਰ ਹਿੰਦੂ ਵਿਸ਼ਵਾਸ ਦੇ ਮੁਖ ਅੰਗ ਸਨ ਜਿਨ੍ਹਾਂ ਦੀ ਥੋੜੀ ਜਿੰਨੀ ਅਪਤੀ ਭੀ ਮਨੁਖ ਨੂੰ ਦੋਸ਼ ਦਾ ਭਾਗੀ ਬਣਾ ਦੇਂਦੀ ਸੀ।

ਡਾ: ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ ਉਸ ਸਮੇਂ ਦਾ ਹਿੰਦੂ ਧਰਮ ਸੀਮਤ ਹੋ ਚੁਕਾ ਸੀ, ਕੁਝ ਰਹੇ ਖਹੇ (ਜੋ ਮੁਸਲਮਾਨਾ ਵਲੋਂ ਤੋੜੇ ਜਾਣ ਤੋਂ ਬਚ ਗਏ) ਬੁਤਾਂ ਦੇ ਪੂਜਣ, ਗੰਗਾ ਤੇ ਹੋਰ ਤੀਰਥਾਂ ਤੇ ਨਹਾਉਣ, ਮਰਣੇ ਪਰਣੇ ਦੀਆਂ ਕੁਝ ਰਸਮਾਂ ਕਰਨ ਅਤੇ ਬ੍ਰਾਹਮਣ ਦੇਵ ਦੇ ਹੁਕਮਾਂ ਦੇ ਪਾਲਣ ਅਤੇ ਉਨ੍ਹਾਂ ਨੂੰ ਖੁਲ੍ਹੇ ਦਿਲ ਦਖਣਾ ਦੇਣ ਤੇ ".........the obedience to the mandates of the Brahmans and Lavishing charitable gifts upon them constituted almost the whole of Hinduism........" ਡਾਕਟਰ ਸਾਹਿਬ ਇਕ ਜਗ੍ਹਾ ਬ੍ਰਾਹਮਣ ਨੂੰ ਹਿੰਦੂ ਸਮਾਜ ਰੂਪ ਇਜੜ ਦਾ ਆਜੜੀ ਦਸਦੇ ਹੋਏ ਲਿਖਦੇ ਹਨ ਕਿ ਬ੍ਰਾਹਮਣ ਆਜੜੀ ਦਾ ਕੰਮ ਕੇਵਲ ਆਪਣੇ ਇਜੜ ਦੀ ਉੱਨ ਲਾਹੁਣਾ ਹੀ ਸੀ : But the only function of shepherd they (Brahmans) performed, was to fleece their flock"

ਹਿੰਦੂ ਜਨਤਾ ਦੀ ਬ੍ਰਾਹਮਣ ਦੇਵ ਵਲੋਂ ਅਜੇਹੀ ਲੁਟ ਖਸੁਟ (Exploitation) ਦਾ ਸੰਖੇਪ ਨਿਰਨਾ ਸਤਿਗੁਰ ਨਾਨਕ ਦੇਵ ਜੀ ਨੇ ਨਿਜੀ ਤਜਰਬੇ ਦੇ ਆਧਾਰ ਤੇ ਆਸਾ ਦੀ ਵਾਰ ਦੀ ਬਾਣੀ ਵਿਚ ਕੀਤਾ ਹੈ। ਆਪ ਆਪਣੇ ਸਾਰੇ ਕਥਨਾਂ ਦਾ ਤਤ ਇਕ ਤੁਕ ਵਿਚ ਇਉਂ ਬੰਦ ਕਰਦੇ ਹਨ :

'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ'

ਹਿੰਦੂ ਸਮਾਜ ਆਮ ਤੌਰ ਇਸ 'ਗਿਆਨ ਵਿਹੂਣੀ' ਅਧੋਗਤੀ ਵਾਲੀ ਕਰਮ ਕਾਂਡੀ ਸਥਿਤੀ ਅੰਦਰ ਵਹਿ ਗਿਆ ਹੋਇਆ ਸੀ, ਫਿਰ ਵੀ ਇਨ੍ਹਾਂ ਵਿਚੋਂ ਉਚੀ ਖਤਰੀ ਸ੍ਰੇਣੀ ਦਾ ਥੋੜਾ ਸਤਿਕਾਰ ਕਾਇਮ ਸੀ ਕਿਉਂਕਿ ਦੇਸ ਅਤੇ ਬ੍ਰਾਹਮਣ ਦੇਵ ਦੀ ਰਖਿਆ ਦੀ ਜ਼ਿਮੇਂਵਾਰੀ ਇਸ ਸਰੇਣੀ ਦੇ ਸਿਰ ਸੀ। ਪਰ ਜਿਸ ਤਰ੍ਹਾਂ ਸਰੀਰ ਦੇ ਬਾਹੂ ਬਲ ਨੂੰ ਭਾਵੇਂ ਇਹ ਕਿਤਨਾ ਭੀ ਕਿਉਂ ਨਾ ਹੋਵੇ, ਵਰਤਣ ਦੀ ਸੇਧ ਤਾਂ ਦਿਮਾਗ਼ ਪਾਸੋਂ ਮਿਲਦੀ ਹੈ, ਖਤਰੀ ਸ਼ਰੇਣੀ ਦੀ ਸਮੁਚੀ ਸਮਰਥਾ ਦੀ ਅਗਵਾਈ ਬ੍ਰਾਹਮਣ ਦੇਵ ਦੇ ਹੱਥ ਹੀ ਸੀ। ਰਾਜ ਮੰਤਰੀ ਆਮ ਕਰਕੇ ਬ੍ਰਾਹਮਣ ਸ਼੍ਰੇਣੀ ਵਿਚੋਂ ਹੀ ਹੁੰਦੇ ਸਨ ਜਿਨ੍ਹਾਂ ਦੀ ਸਲਾਹ ਤੋਂ ਬਿਨਾਂ ਰਾਜ ਤਥਾ ਸੈਨਿਕ ਸਮਰਥਾ ਦਾ ਵਰਤਿਆ ਜਾਣਾ ਅਨੀਯਮਕ ਗੱਲ ਸੀ ਅਤੇ ਇਸ ਤਰ੍ਹਾਂ ਧਾਰਮਕ ਤੇ ਸਮਾਜਕ ਖੇਤਰ ਅੰਦਰ ਹੀ ਨਹੀਂ, ਸਗੋਂ ਰਾਜਸੀ ਧੰਧਿਆਂ ਵਿਚ ਭੀ ਸਮੁਚਾ ਅਧਿਕਾਰ ਬ੍ਰਾਹਮਣ ਸ੍ਰੇਣੀ ਦੇ ਹੱਥ ਹੀ ਸੀ। ਸੋ ਇਕ ਤਰ੍ਹਾਂ ਨਾਲ ਹਿੰਦੂ ਸਮਾਜ ਦੇ ਨੀਂਵ ਉਚ ਦਾ ਸਾਰਾ ਨਿਰਭਰ ਬ੍ਰਾਹਮਣ ਤੇ ਸੀ ਅਤੇ ਬਾਕੀ ਸਾਰੀ ਹਿੰਦੂ ਜਨਤਾ ਬ੍ਰਾਹਮਣ ਦਾ ਪਾਣੀ ਭਰਦੀ ਅਤੇ ਉਸ ਦੀ ਗੁਲਾਮ ਸੀ। ਐਸੀ ਦਸ਼ਾ ਅੰਦਰ ਹਿੰਦੂ ਜਨਤਾ ਲਈ ਸ੍ਵੈ ਰਖਿਆ ਅਤੇ ਸ੍ਵੈਮਾਨ ਦੀ ਵਿਚਾਰ ਦੂਰ ਦੀ ਗੱਲ ਸੀ।

ਭਾਰਤੀ ਹਿੰਦੂ ਸਮਾਜ ਦੀ ਅਜੇਹੀ ਗੁਲਾਮ ਹੋ ਚੁਕੀ ਸਥਿਤੀ ਉਤੇ ਇਸਲਾਮੀ ਤਬਲੀਗ ਤੇ ਜਿਹਾਦ ਦੇ ਨਾਅਰੇ ਨੇ ਜੋ ਇਕ ਦੋ ਵਾਰ ਨਹੀਂ ਬਲਕਿ ਉਤੋ ਅੜੁਤੀ ਲਗਾਤਾਰ ਚਾਰ ਸੌ ਸਾਲ ਇਉਂ ਹੀ ਸੁਣਾਈ ਦੇਂਦੇ ਰਹੇ, ਇਸ ਸਮਾਜ ਦੀ ਉਕੀ ਹੀ ਕਾਇਆ ਕਲਪ ਕਰ ਦਿਤੀ। ਡਾ: ਗੋਕਲ ਚੰਦ ਦੇ ਸ਼ਬਦਾਂ ਵਿਚ ਜੋ ਲੋਕ ਇਸ ਤਬਲੀਗੀ ਹੜ ਵਿਚ ਮੁਸਲਮਾਨ ਹੋਣੋਂ ਬਚ ਰਹੇ ਉਹ ਏਨੇ ਗਿਰ ਗਏ ਕਿ ਉਨਾਂ ਦੇ ਅੰਦਰ ਨਾ ਜੀਵਨ ਦਾ ਮਚ ਰਿਹਾ, ਨਾ ਇਸ ਦਾ ਸੁਹਜ ਸੁਆਦ ਅਤੇ

ਨਾ ਧਰਮ ਨੂੰ ਵਹਿਮ ਅਤੇ ਦਿਖਾਵੇ ਤੋਂ ਨਿਖੇੜਨ ਦੀ ਸੂਝ :

"Those who had escaped conversion had lost almost all that lends dignity and grace to life and distinguishes religion from superstition or cant"

Transformation of Sikhism

ਵੈਸੇ ਭੀ ਭਾਰਤੀ ਧਰਮ ਵਿਚਾਰਧਾਰਾ ਇਸ ਗੱਲ ਦੀ ਦ੍ਰਿੜ ਵਿਸ਼ਵਾਸੀ ਸੀ ਕਿ ਇਹ ਜਗ ਮਿਥਿਆ ਹੈ, ਮਨੁਖ ਨੂੰ ਇਸ ਵਿਚ ਪਰਚ ਜਾਣ ਦੀ ਬਜਾਏ ਆਪਣਾ ਅਗਾ ਸਵਾਰਨਾ ਚਾਹੀਦਾ ਹੈ। ਮਨੁਖ ਜਨਮ ਦਾ ਤਾਤਪਰਜ ਕੇਵਲ ਇਤਨਾ ਹੀ ਹੈ ਕਿ ਉਹ ਆਪਣੇ ਅਗਲੇ ਜਨਮ ਅਰਥਾਤ ਮੌਤ ਤੋਂ ਪਿਛੋਂ ਆਉਣ ਵਾਲੇ ਸਮੇਂ ਦੇ ਸੁਖੀ ਹੋਣ ਦਾ ਸਾਧਨ ਕਰੇ। ਵਰਤਮਾਨ ਕਾਲ ਤਥਾ ਇਸ ਜੀਵਨ ਦੇ ਦੁਖਾਂ ਸੁਖਾਂ ਦੀ ਪਰਵਾਹ ਨ ਕਰਦਾ ਹੋਇਆ ਮਨੁਖ ਮੁਕਤੀ ਜਾਂ ਸੁਰਗ ਪ੍ਰਾਪਤੀ ਨੂੰ ਆਪਣੇ ਜੀਵਨ ਦਾ ਗੋਲ (ਨਿਸ਼ਾਨਾਂ) ਬਣਾਵੇ। ਇਹ ਅਜੇਹਾ ਵਿਚਾਰ ਸੀ ਜੋ ਧਰਮ ਰੁਚੀ ਰਖਣ ਵਾਲੇ ਮਨੁਖਾਂ ਨੂੰ ਸੰਸਾਰ ਵਲੋਂ ਉਪਰਾਮ ਕਰਦਾ, ਅਤੇ ਉਹ ਲੋਕ ਘਰ ਬਾਰ ਛਡ ਤਿਆਗ ਦਾ ਰਾਹ ਫੜਦੇ ਅਤੇ ਸਰੀਰ ਦੀਆਂ ਹਿਸਾਂ ਨੂੰ ਕਈ ਤਰ੍ਹਾਂ ਦੇ ਸਾਧਨਾਂ ਤੇ ਕ੍ਰਿਆਵਾਂ ਦੁਆਰਾ ਮਾਰਨ ਦੇ ਜਤਨ ਕਰਦੇ ਅਤੇ ਆਪਣੀਆਂ ਜ਼ਰੂਰੀ ਸਰੀਰਕ ਲੋੜਾਂ ਖਾਣ ਪੀਣ ਪਹਿਰਨ ਲਈ ਭੀ ਹੋਰ ਲੋਕਾਂ ਤੇ ਭਾਰੂ ਹੁੰਦੇ। ਅਜੇਹੀ ਸੋਚਣੀ ਦੇਸ ਅਤੇ ਸਮਾਜ ਦੇ ਕਮਾਊ ਤੇ ਉਸਾਰੂ ਪੱਖ ਉਤੇ ਬੜੀ ਵਡੀ ਸਟ ਸੀ ਜਿਸ ਨੇ ਭਾਰਤੀ ਜਨਤਾ ਨੂੰ ਹੋਰ ਵੀ ਕੰਮਜ਼ੋਰ ਕਰ ਦਿਤਾ।

ਹਿੰਦੂ ਸਮਾਜ ਦੀ ਅਜੇਹੀ ਸਥਿਤੀ ਅੰਦਰ, ਜਦੋਂ ਮੁਸਲਮਾਨੀ ਹਕੂਮਤ ਦੇ ਸਿਰ ਤੇ ਤਬਲੀਗ਼ (ਇਸਲਾਮ ਦੇ ਫੈਲਾਉਣ) ਦਾ ਜਨੂਨ ਸਵਾਰ ਸੀ, ਬ੍ਰਾਹਮਣ ਸ਼੍ਰੇਣੀ ਦਾ ਰੋਲ ਵਿਸ਼ੇਸ਼ ਧਿਆਨ ਯੋਗ ਹੈ। ਉਸ ਸਮੇਂ ਹਕੂਮਤ ਨਾਲ ਟੱਕਰ ਲੈਣ ਦਾ ਤਾਂ ਵਿਚਾਰ ਹੀ ਏਹਨਾਂ ਵਾਸਤੇ ਬੜਾ ਓਪਰਾ ਸੀ ਕਿਉਂਕਿ, ਜਿਸ ਤਰ੍ਹਾਂ ਉਪਰ ਦਸਿਆ ਗਿਆ ਹੈ

ਹਿੰਦੂ ਜਨਤਾ ਆਪਣੀ ਗੁਲਾਮੀ ਜ਼ਿਹਨੀਅਤ ਕਾਰਨ ਅਣਖ ਹੀਨ ਹੋ ਚੁਕੀ ਸੀ। ਅਗਰ ਕੋਈ ਕਸਰ ਸੀ ਤਾਂ ਉਹ ਹਕੂਮਤ ਦੀ ਕੱਟੜ ਪਾਲੀਸੀ ਨੇ ਪੂਰੀ ਕਰ ਦਿਤੀ ਸੀ ਅਤੇ ਜਨਤਾ ਸਮੁਚੇ ਤੌਰ (demoralise) ਸਾਹਸ ਹੀਨ ਸੀ। ਬ੍ਰਾਹਮਣ ਦੇਵ ਸਮਾਜ ਦਾ ਸਿਆਣਾ ਤੇ ਪੜ੍ਹਿਆ ਲਿਖਿਆ ਹਿਸਾ ਸੀ, ਸੋ ਇਸ ਨੇ ਹਾਕਮਾਂ ਦਾ ਪੱਖ ਲੈ ਲਿਆ, ਪ੍ਰਗਟ ਰੂਪ ਅੰਦਰ ਆਪਣੇ ਸਾਰੇ ਕਰਮ ਧਰਮ ਖਾਣ ਪਾਣ ਤੇ ਪਹਿਰਣ ਮੁਸਲਮਾਨਾਂ ਵਾਲੇ ਕਰ ਲੈ ਅਤੇ ਹਾਕਮਾਂ ਦੀ ਹਾਂ ਵਿਚ ਹਾਂ ਮਿਲਾ ਲਈ। ਸਤਿਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੇ ਅਜੇਹੇ ਵਰਤਾਰੇ ਦੀ ਬੜੀ ਸਾਫ ਤੇ ਸਪਸ਼ਟ ਤਸਵੀਰ ਖਿਚੀ ਹੈ :

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।
ਅਭਾਖਿਆ ਕਾ ਕੁਠਾ ਬਕਰਾ ਖਾਣਾ ।
ਚਉਕੇ ਉਪਰਿ ਕਿਸੈ ਨ ਜਾਣਾ । (ਵਾਰ ਆਸਾ)

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। (ਵਾਰ ਆਸ)
ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ। (ਬਸੰਤ)

ਸੋ ਸਮੇਂ ਦੀ ਹਕੂਮਤ ਨਾਲ ਬ੍ਰਾਹਮਣ ਦੇ ਅਜੇਹੇ ਗਠਜੋੜ ਜਾਂ ਮੇਲ ਮਿਲਾਪ ਬਣਾ ਲੈਣ ਸਦਕਾ ਭਾਰਤੀ ਸਮਾਜ ਮੋਟੇ ਤੌਰ ਦੋ ਸ੍ਰੇਣੀਆਂ ਅੰਦਰ ਵੰਡਿਆ ਜਾ ਚੁਕਾ ਸੀ। ਇਕ ਮੁਸਲਮਾਨ ਹਾਕਮ ਸ੍ਰੇਣੀ ਸੀ ਜਿਸ ਨੂੰ ਬ੍ਰਾਹਮਣ ਦਾ ਸਹਿਯੋਗ ਪ੍ਰਾਪਤ ਸੀ। ਦੂਜੇ ਵੰਨੇ ਬਾਕੀ ਦੀ ਸਮੁਚੀ ਹਿੰਦੂ ਜਨਤਾ ਸੀ ਜਿਸ ਉਤੇ ਰਾਜਸੀ ਤੌਰ ਮੁਸਲਮਾਨ ਪਠਾਨ ਏਨਾਂ ਛਾਇਆ ਹੋਇਆ ਸੀ ਕਿ ਉਹ ਜਦ ਚਾਹੇ ਹਿੰਦੂ ਦੇ ਜਾਨ ਮਾਲ ਧਨ ਧਾਮ ਬਹੂ ਬੇਟੀ ਹਰ ਚੀਜ਼ ਨੂੰ ਆਪਣਾ ਬਣਾ ਸਕਦਾ ਸੀ।

ਸੰਖੇਪ ਸ਼ਬਦਾਂ ਵਿਚ ਇਹ ਪੰਦਰ੍ਹਵੀ ਤੇ ਸੋਲ੍ਹਵੀਂ ਈਸਵੀ ਸਦੀ ਅੰਦਰ ਭਾਰਤ ਦੀ ਰਾਜਸੀ ਤੇ ਸਮਾਜਕ ਦਸ਼ਾ ਦੀ ਤਸਵੀਰ ਹੈ। ਜਦੋਂ

ਕਿਸੇ ਦੇਸ ਦਾ ਰਾਜ ਤੇ ਸਮਾਜ ਐਸੇ ਰੰਗ ਅੰਦਰ ਢਲ ਚੁਕਾ ਹੋਵੇ ਤਾਂ ਉਸ ਦੇਸ ਦੇ ਲੋਕਾਂ ਦਾ ਆਚਰਨ ਉਨ੍ਹਾਂ ਦੀ ਨਿਤਾਪ੍ਰਤੀ ਰਹਿਣੀ, ਆਪੋ ਵਿਚ ਦਾ ਵਰਤਾਓ ਅਤੇ ਧਰਮ ਵੱਲ ਉਨ੍ਹਾਂ ਦੀ ਰੁਚੀ ਕਿਹੋ ਜਹੇ ਹੋਣਗੇ ਇਸ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ। ਸਾਰਾ ਸਮਾਜ ਟੁਕੜੇ ੨ ਹੋ ਕੇ ਪਿਆਰ, ਸੇਵਾ, ਪਰਉਪਕਾਰ ਦੀਆਂ ਭਾਵਨਾਂ ਵੱਲੋਂ ਉਕਾ ਹੀ ਰਹਿ ਚੁਕਾ ਹੋਇਆ ਸੀ। ਆਪੋ ਵਿਚ ਦੀ ਈਰਖਾ ਘਿਰਣਾ ਬੇ-ਭਰੋਸਗੀ, ਧੋਖਾ ਠੱਗੀ ਪ੍ਰਧਾਨ ਸਨ। ਮਜ਼ਹਬੀ ਵਿਰੋਧ ਨੇ ਮਨੁਖੀ ਜੀਵਨ ਦੀ ਕੀਮਤ ਗਵਾ ਦਿਤੀ ਸੀ ਅਤੇ ਮਨੁਖ ਨੂੰ ਮਾਰ ਦੇਣਾ ਕੀੜੇ ਮਕੌੜੇ ਦੇ ਮਾਰ ਦੇਣ ਦੇ ਤੁੱਲ ਸੀ। ਸ੍ਵੈਮਾਨ ਤੇ ਅਣਖ ਦੀ ਮਨੁਖੀ ਹਿਰਦੇ ਅੰਦਰ ਕੋਈ ਥਾਉਂ ਨਹੀਂ ਸੀ। ਜ਼ਾਤ ਵੰਡ, ਨੀਵੇਂ ਉਚੇ ਅਤੇ ਹਿੰਦੂ ਮੁਸਲਮਾਨ ਦੇ ਵਿਚਾਰਾਂ ਨੇ ਮਨੁਖਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿਤਾ ਹੋਇਆ ਸੀ ਅਤੇ ਮਨੁਖ ਦੀ ਪਛਾਣ ਮਨੁਖ ਹੋਣ ਦੇ ਨਾਤੇ ਨਹੀਂ, ਬਲਕਿ ਹਿੰਦੂ ਮੁਸਲਮਾਨ ਅਤੇ ਬ੍ਰਹਿਮਣ ਸ਼ੂਦਰ ਹੋਣ ਦੇ ਨਾਤੇ ਕੀਤੀ ਜਾਂਦੀ ਸੀ।

ਅਜੇਹੀ ਅਧੋਗਤੀ ਸਮੇਂ ਦੇਸ ਦੀ ਪੁਕਾਰ ਸੁਣ ਕੇ ਦਾਤਾਰ ਪ੍ਰਭੂ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਤੇ ਭੇਜਿਆ :

'ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ'
(ਭਾਈ ਗੁਰਦਾਸ)

ਜੀਵਨ

ਗੁਰੂ ਨਾਨਕ ਜੋਤਿ ਨੇ ਦਰਮਿਆਨੀ ਸਰੇਣੀ ਦੇ ਇਕ ਸਾਧਾਰਨ ਘਰ ਨੂੰ ਭਾਗ ਲਾਇਆ। ਪੁਰਾਤਨ ਹਿੰਦੂ ਅਵਤਾਰਾਂ ਸ੍ਰੀ ਰਾਮ ਚੰਦਰ ਤੇ ਕ੍ਰਿਸ਼ਨ ਜਾਂ ਬੁਧ ਤੇ ਜੈਨ ਮਤ ਦੇ ਬਾਨੀਆਂ ਗੌਤਮ ਤੇ ਮਹਾਂਵੀਰ ਵਾਂਙ ਆਪ ਨੇ ਕਿਸੇ ਰਾਜ ਘਰਾਣੇ ਵਿਚ ਪ੍ਰਗਟ ਹੋ ਕੇ ਆਪਣੇ ਪ੍ਰਭੂ ਹੋਣ ਦੀ ਪ੍ਰਭਤਾ ਨਹੀਂ ਦਸੀ, ਸਗੋਂ ਜਿਸ ਮਿਸ਼ਨ ਨੂੰ ਲੈ ਕੇ ਆਪ ਸੰਸਾਰ

ਤੇ ਆਏ ਸਨ ਉਸ ਦੇ ਪੂਰਾ ਕਰਨ ਲਈ ਆਪ ਨੇ ਇਕ ਸਾਧਾਰਨ ਨਗਰੀ ਦੇ ਸਾਧਾਰਨ ਮਨੁਖ ਨੂੰ ਨਿਵਾਜਿਆ।

ਆਪ ਨੇ ਆਪਣੀ ਮੁਢਲੀ ਅਵਸਥਾ ਹੋਰ ਪੇਂਡੂ ਬਾਲਾਂ ਵਾਂਗ ਮਹੀਆਂ ਚਾਰ ਕੇ ਅਤੇ ਜੰਗਲੀ ਵਣਾਂ ਦੀਆਂ ਛਾਵਾਂ ਹੇਠ ਸੌਂ ਬਹਿ ਕੇ ਜਾਂ ਪਿੰਡ ਦੇ ਪਾਂਧੇ ਤੇ ਮੌਲਵੀ ਪਾਸ ਪੜ੍ਹਣੇ ਪੈ ਕੇ ਬਿਤਾਈ ਅਤੇ ਜਦੋਂ ਜ਼ਰਾ ਸੰਭਲੇ ਤਾਂ ਪਿਤਾ ਦੀ ਆਗਿਆ ਅਨੁਸਾਰ ਸੌਦਾ ਵਟਾ ਕਰਨ ਚਲੇ ਗਏ ਅਤੇ ਜੇਹੋ ਜਹੇ ਆਪ ਅਨੋਖੇ ਸਨ ਓਹੋ ਜਿਹਾ ਹੀ ਅਨੋਖਾ ਸੌਦਾ ਕਰ ਆਏ। ਜੇ ਪਾਂਧੇ ਨੇ ਪਟੀ ਤੇ ਅਖਰ ਲਿਖ ਦਿਤੇ ਅਤੇ ਪੜ੍ਹਣ ਨੂੰ ਕਿਹਾ ਤਾਂ ਉਤਰ ਦਿਤਾ,

'ਜਬ ਲੇਖਾ ਦੇਵਹਿ ਬੀਰਾ ਤਉ ਪੜਿਆ' ਆਸਾ ਪਟੀ

ਅਤੇ ਜੇ ਪੰਡਤ ਜੀ ਕੁਲ ਦੀ ਰੀਤੀ ਅਨੁਸਾਰ ਜਨੇਊ ਪਾਉਣ ਲਗੇ ਤਾਂ ਕਿਹਾ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ। ਵਾਰ ਆਸਾ

ਅਤੇ ਜੇ ਆਪ ਨੂੰ ਬੀਮਾਰ ਜਾਣ ਕੇ ਪਿਤਾ ਨੇ ਵੈਦ ਨੂੰ ਬੁਲਾ ਭੇਜਿਆ ਅਤੇ ਵੈਦ ਨਬਜ਼ ਵੇਖਣ ਲਗਾ ਤਾਂ ਆਪਣੇ ਰੋਗ ਦਾ ਸੁਝਾਉ ਇਉਂ ਦਿਤਾ:

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ਵਾਰ ਮਲਾਰ

ਮਾਤਾ ਪਿਤਾ ਨੇ ਪੁਤਰ ਨੂੰ ਧੰਧਿਆ ਵਲੋਂ ਉਪਰਾਮ ਚਿਤ ਜਾਣ ਕੇ ਇਉਂ ਸੋਚਿਆ ਕਿ ਜੇ ਉਸ ਦਾ ਵਿਆਹ ਹੋ ਜਾਵੇ ਤਾਂ ਸ਼ਾਇਦ ਦੁਨੀਆਂ ਦਾਰੀ ਵਾਲਾ ਪਿਆਰ ਜਾਗ ਪਵੇ ਅਤੇ ਕਬੀਲਦਾਰੀ ਦੇ ਧੰਧੇ ਲੋੜੀਂਦੀ ਤਬਦੀਲੀ ਲੈ ਆਉਣ, ਸੋ ਬਟਾਲਾ ਨਿਵਾਸੀ ਭਾਈ ਮੂਲਚੰਦ ਚੋਣੇ ਦੀ ਸਪੁਤ੍ਰੀ ਸੁਲਖਣੀ ਨਾਲ ਵਿਆਹ ਰਚਿਆ ਗਿਆ। ਨੂੰਹ ਘਰ ਆ ਗਈ ਪਰ ਪੁੱਤਰ ਦੇ ਵਤੀਰੇ ਤੇ ਰਹਿਣੀ ਬਹਿਣੀ ਵਿਚ ਕੋਈ ਫਰਕ ਨਾ

ਆਇਆ, ਨਾ ਦੁਨੀਆਵੀ ਪਕੜ ਜਾਗੀ ਅਤੇ ਨਾ ਅੰਦਰ ਗਤੀ ਮਸਤੀ ਘਟੀ।

ਆਪ ਦੀ ਵਡੀ ਭੈਣ ਬੇਬੇ ਨਾਨਕੀ ਸੁਲਤਾਨ ਪੁਰ ਲੋਧੀ ਦੇ ਇਕ ਸਰਕਰਦੇ ਖਤਰੀ ਭਾਈ ਜੈ ਰਾਮ ਨਾਲ ਵਿਆਹੀ ਹੋਈ ਸੀ। ਸੁਲਤਾਨ ਪੁਰ ਦੇ ਨਵਾਬ ਦਾ ਇਕ ਵਡਾ ਮੋਦੀ ਖਾਨਾ ਸੀ ਜਿਸ ਵਿਚ ਨਵਾਬ ਦੀ ਸਾਰੀ ਆਮਦਨ ਜਿਣਸੀ ਰੂਪ ਵਿਚ ਜਮ੍ਹਾਂ ਹੁੰਦੀ ਅਤੇ ਜਿਣਸੀ ਰੂਪ ਵਿਚ ਹੀ ਇਸ ਥਾਂ ਤੋਂ ਨਵਾਬ ਦੇ ਸਾਰੇ ਮੁਲਾਜ਼ਮਾਂ ਤੇ ਹੋਰ ਲੋਕਾਂ ਨਾਲ ਲੈਣ ਦੇਣ ਹੁੰਦਾ। ਉਹਨੀ ਦਿਨੀਂ ਨਕਦੀ ਲੈਣ ਦੇਣ ਦਾ ਵਿਚਾਰ ਹਾਲਾਂ ਨਹੀਂ ਬਣਿਆ ਸੀ। ਬੇਬੇ ਨਾਨਕੀ ਦੀ ਪ੍ਰੇਰਨਾ ਸਦਕਾ ਜਵਾਨ ਉਮਰ ਨਾਨਕ ਸੁਲਤਾਨ ਪੁਰ ਆ ਗਏ। ਨਵਾਬ ਨੇ ਉਨ੍ਹਾਂ ਨੂੰ 'ਭਲਾ ਪੁਰਖ', ਜਾਣ ਕੇ ਆਪਣੇ ਮੋਦੀ ਖਾਨੇ ਦਾ ਮੋਦੀ ਲਗਾ ਦਿਤਾ। ਮੋਦੀ ਹੋਣ ਦੇ ਨਾਤੇ ਹਰ ਵਡੇ ਛੋਟੇ ਨਾਲ ਵਾਹ ਪੈਣਾ ਹੀ ਸੀ। ਆਪ ਦੇ ਮਿਠੇ ਬੋਲ ਚਾਲ, ਸੁਚੱਜੇ ਲੈਣ ਦੇਣ ਅਤੇ ਪਿਆਰ ਭਰੇ ਵਰਤਾਓ ਨੇ ਸਭ ਦਾ ਮਨ ਮੋਹ ਲਿਆ ਅਤੇ ਮੋਦੀ ਨਾਨਕ ਦੀ ਭਲੀ ਚਰਚਾ ਘਰ ਘਰ ਹੋਣ ਲਗੀ। ਨਵਾਬ ਦਾ ਮੋਦੀ ਖਾਨਾ 'ਨਾਨਕ ਦੀ ਹਟ' ਬਣ ਗਿਆ, ਜਿਥੇ ਅੰਞਾਣੇ ਸਿਆਣੇ ਹਰ ਕਿਸੇ ਨੂੰ ਖਰਾ ਮਾਲ ਤੇ ਸਵਾਇਆ ਤੋਲ ਮਿਲਦਾ, ਪਰ ਇਸ ਤੋਂ ਭੀ ਵਧ ਹਟ ਵਾਲੇ ਦੇ ਅੰਮ੍ਰਿਤ ਬਚਨ ਆਏ ਗਾਹਕ ਦਾ ਹਿਰਦਾ ਵਿੰਨ੍ਹਦੇ ਜਾਂਦੇ। ਹਟ ਤੇ ਹਮੇਸ਼ਾਂ ਭੀੜ ਲਗੀ ਰਹਿੰਦੀ। ਖਾਲੀ ਹਥੀਂ ਆਏ ਲੋੜਵੰਦ ਵੀ ਝੋਲੀਆਂ ਭਰ ਲੈ ਜਾਂਦੇ ਇਸ ਗੱਲ ਦੀ ਚਰਚਾ ਦੂਰ ਨੇੜੇ ਸਭ ਥਾਈਂ ਫੈਲ ਗਈ ਅਤੇ ਲੋਕ ਲਗੇ ਨਾਨਕ ਮੋਦੀ ਦੇ ਗੀਤ ਗਾਉਣ। ਈਰਖਾਲੂ ਮਨ ਨ ਸਹਿ ਸਕੇ ਅਤੇ ਨਵਾਬ ਕੋਲ ਸ਼ਿਕਾਇਤ ਹੋਈ 'ਨਾਨਕ ਨੇ ਮੋਦੀ ਖਾਨਾ ਲੁਟਾ ਦਿਤਾ ਹੈ'। ਪੜਤਾਲ ਹੋਈ ਜਦੋਂ ਹਿਸਾਬ ਕੀਤਾ ਗਿਆ ਤਾਂ ਲੇਖਾ ਪਤਰਾ ਸਾਫ਼ਾ ਅਤੇ ਮੋਦੀ ਦਾ ਆਪਣਾ ਲਹਿਣਾ ਬਾਕੀ। ਨਵਾਬ ਦੀ

ਨਿਸ਼ਾ ਹੋਈ ਸ਼ਿਕਾਇਤੀਆਂ ਦੇ ਮੂੰਹ ਬੰਦ ਹੋਏ ਅਤੇ ਮੋਦੀ ਖਾਨੇ ਦੀ ਹੋਰ ਚੜ੍ਹਦੀ ਕਲਾ ਹੋਈ।

'ਨਾਨਕ ਦੀ ਹਟ' ਕਾਫੀ ਲੰਮਾ ਸਮਾਂ ਇਉਂ ਹੀ ਚਲਦੀ ਰਹੀ ਅਤੇ ਅਨੇਕਾਂ ਲੋਕ ਹਟ ਦੇ ਪਦਾਰਥ ਅਤੇ ਹਟ ਵਾਲੇ ਦੇ ਬਚਨਾਂ ਤੋਂ ਵਰੋਸਾਏ ਜਾਂਦੇ ਰਹੇ। ਗੁਰੂ ਨਾਨਕ ਦੀ ਉਮਰ ਇਸ ਵੇਲੇ ੨੮ ਕੁ ਵਰ੍ਹਿਆਂ ਦੀ ਸੀ। ਮਾਤਾ ਸੁਲਖਨੀ ਦੀ ਗੋਦ ਹੁਣ ਤਕ ਦੋ ਬਚਿਆਂ ਸ੍ਰੀ ਚੰਦ ਅਤੇ ਲਖਮੀ ਦਾਸ ਨਾਲ ਹਰੀ ਹੋ ਚੁਕੀ ਹੋਈ ਸੀ। ਸਾਰਾ ਸ਼ਹਿਰ ਸੁਲਤਾਨ ਪੁਰ ਆਪ ਤੋਂ ਸਦਕੇ ਹੁੰਦਾ ਸੀ, ਪਰ ਇਕ ਬੇਬੇ ਨਾਨਕੀ ਸੀ ਜਿਸ ਨੂੰ ਆਪਣੇ ਵੀਰ ਦੇ ਸਰੂਪ ਵਿਚ ਰਬੀ ਜੋਤਿ ਝਲਕਦੀ ਸੀ। ਇਕ ਹੋਰ ਬਿਰਧ ਬਾਬਾ ਰਾਏ ਬੁਲਾਰ ਭਟੀ ਸੀ ਜਿਸ ਨੂੰ ਤਲਵੰਡੀ ਰਹਿਣ ਸਮੇਂ ਹੀ ਬਾਲ ਨਾਨਕ ਅੰਦਰ ਖੁਦਾ ਦਾ ਨੂਰ ਦਿਸ ਆਇਆ ਸੀ। ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਖੁਸ਼ ਸਨ ਕਿ ਉਨ੍ਹਾਂ ਦਾ ਪੁਤੱਰ ਕਿਸੇ ਆਹਰੇ ਲਗ ਰਿਹਾ ਸੀ ਅਤੇ ਉਸ ਨੇ ਮੋਦੀ ਪੁਣੇ ਦੀ ਵਜ ਸੋਹਣੀ ਵਜਾਈ ਸੀ, ਇਸ ਤੋਂ ਵਧ ਉਨ੍ਹਾਂ ਨਾਨਕ ਵਿਚ ਕੁਝ ਨਹੀਂ ਵੇਖਿਆ ਸੀ। ਤਲਵੰਡੀ ਦਾ ਇਕ ਖਾਨਦਾਨੀ ਮੁਸਲਮਾਨ ਮਿਰਾਸੀ ਮਰਦਾਨਾ ਸੀ ਜਿਸ ਦਾ ਨਾਨਕ ਨਾਲ ਕੁਦਰਤੀ ਉਨਸ ਸੀ ਅਤੇ ਇਕ ਸੰਧੂ ਜਟ ਬਾਲਾ ਸੀ ਜਿਸ ਉਪਰ ਮਹਿਤਾ ਕਾਲੂ ਨੂੰ ਪੂਰਾ ਭਰੋਸਾ ਹੋਣ ਕਰਕੇ ਉਸ ਨੂੰ ਸੌਦਾ ਕਰਨ ਗਏ ਨਾਨਕ ਨਾਲ ਤੋਰਿਆ ਸੀ। ਜੋ ਸੌਦਾ ਨਾਨਕ ਨੇ ਉਸ ਸਮੇਂ ਕੀਤਾ, ਬਾਲਾ ਉਸ ਤੋਂ ਬਹੁਤ ਪ੍ਰਭਾਵਤ ਸੀ ਅਤੇ ਭਾਂਵੇਂ ਉਮਰ ਵਿਚ ਉਨ੍ਹਾਂ ਨਾਲੋਂ ਵਡਾ ਸੀ ਉਨ੍ਹਾ ਲਈ ਹਿਰਦੇ ਅੰਦਰ ਬਹੁਤ ਸਤਕਾਰ ਰਖਦਾ ਸੀ।

ਇਕ ਦਿਨ ਮੋਦੀ ਨਾਨਕ ਸਵੇਰੇ ਵੇਂਈ ਤੇ ਇਸ਼ਨਾਨ ਕਰਨ ਗਏ ਵਾਪਸ ਨ ਪਰਤੇ। ਜਦੋਂ ਦਿਨ ਉਭਾ ਆਏ ਤਕ ਭੀ ਹਟ ਦਾ ਬੂਹਾ ਨ ਖੁਲਿਆ ਤਾਂ ਸਾਰੇ ਸੁਲਤਾਨ ਪੁਰ ਵਿਚ ਚਰਚਾ ਛਿੜ ਗਈ ਕਿ ਸ਼ਾਇਦ ਮੋਦੀ ਹੜੇ ਦਰਿਆ ਦੇ ਪਾਣੀ ਵਿਚ ਰੁੜ੍ਹ ਗਿਆ ਹੈ। ਸਾਰਾ

ਦਿਨ ਬੀਤ ਗਿਆ, ਰਾਤ ਆਈ ਓਹ ਭੀ ਬੀਤੀ, ਅਗਲਾ ਦਿਨ ਤੇ ਰਾਤ ਅਤੇ ਤੀਜਾ ਦਿਨ ਭੀ ਲੰਘ ਗਿਆ, ਹੁਣ ਨਿਸਚਾ ਹੋ ਗਿਆ ਕਿ ਠੀਕ ਪਾਣੀ ਨਾਨਕ ਨੂੰ ਰੋੜ ਲੈ ਗਿਆ, ਹੈ। ਸਾਰਾ ਸ਼ਹਿਰ ਸ਼ੋਕ ਵਿਚ ਡੁਬ ਰਿਹਾ ਸੀ। ਭਾਈਆ ਜੈ ਰਾਮ ਦਾ ਘਰ ਪਰਚਾਉਣ ਆਏ ਲੋਕਾਂ ਨਾਲ ਭਰ ਰਿਹਾ ਸੀ, ਕੀ ਨਵਾਬ, ਕੀ ਅਮੀਰ, ਕੀ ਗਰੀਬ, ਬਾਲ ਬਿਰਧ ਸਭ ਮੋਦੀ ਦੇ ਇਸ ਤਰਾਂ ਗੁੰਮ ਜਾਣ ਤੇ ਤ੍ਰਾਹ ੨ ਕਰ ਰਹੇ ਸਨ, ਸੁਲਤਾਨ ਪੁਰ ਸ਼ੋਕ ਸਾਗਰ ਵਿਚ ਵਹਿ ਗਿਆ ਸੀ। ਇਕ ਬੇਬੇ ਨਾਨਕੀ ਸੀ ਜਿਸ ਨੂੰ ਆਪਨੇ ਅੰਦਰ ਲੋਅ ਜਹੀ ਦਿਸਦੀ ਸੀ, ਓਹ ਵੇਖ ਰਹੀ ਸੀ ਕਿ ਉਸ ਦਾ ਵੀਰ ਨਾਨਕ ਜੋ ਸ਼ਹੁ ਸਾਗਰਾਂ ਵਿਚ ਰੁੜ੍ਹਦਿਆਂ ਨੂੰ ਮੋਢਾ ਦੇਣ ਵਾਲਾ ਹੈ ਆਪੂੰ ਕਿਸ ਤਰ੍ਹਾਂ ਰੁੜ੍ਹ ਸਕਦਾ ਹੈ ? ਇਹ ਤਾਂ ਕੋਈ ਕੌਤਕ ਹੈ ਜੋ ਮੇਰੇ ਵੀਰ ਦੇ ਮਾਲਕ ਨੇ ਵਰਤਾਇਆ ਹੈ, ਮੇਰਾ ਵੀਰ ਜ਼ਰੂਰ ਆਵੇਗਾ ਅਤੇ ਆਪਣੀ ਵਡੀ ਹਟ ਖੋਲੇਗਾ, ਜਿਸ ਤੋਂ ਸੁਲਤਾਨ ਪੁਰ ਤਾਂ ਕੀ, ਸਾਰਾ ਸੰਸਾਰ ਝੋਲੀਆਂ ਭਰ ੨ ਲੈ ਜਾਇਗਾ। ਕੀ ਪਤਾ ਹੈ ਮੇਰਾ ਵੀਰ ਉਸ ਹਟ ਲਈ ਸੌਦਾ ਵਿਹਾਝਣ ਹੀ ਨਹੀਂ ਗਿਆ ?

ਅਜ ਚੌਥੀ ਸਵੇਰ ਚੜ੍ਹੀ, ਤੜਕ ਸਾਰ ਹੀ ਕਿਸੇ ਨੇ ਆ ਕੇ ਸ਼ਹਿਰ ਵਿਚ ਖਬਰ ਕੀਤੀ 'ਨਾਨਕ ਵੇਂਈ ਦੇ ਕੰਢੇ ਬੈਠਾ ਅਸਚਰਜ ਜਹੇ ਬੋਲ ਬੋਲ ਰਿਹਾ ਹੈ'। ਇਹ ਗੱਲ ਜੰਗਲ ਦੀ ਅੱਗ ਵਾਗੂੰ ਸਾਰੇ ਸ਼ਹਿਰ ਵਿਚ ਫੈਲ ਗਈ। ਸਭ ਲੋਕ ਦਰਿਆ ਵੱਲ ਨੂੰ ਦੌੜ ਪਏ, ਅਲ ਪਲ ਵਿਚ ਸਾਰਾ ਸ਼ਹਿਰ ਵੇਂਈਂ ਦੇ ਕੰਢੇ ਖੜਾ ਵੇਖ ਰਿਹਾ ਸੀ ਕਿ ਮੋਦੀ ਨਾਨਕ ਇਕ ਮਸਤਾਨੇ ਫਕੀਰ ਵਾਂਗ ਆਪਣੇ ਰੰਗ ਵਿਚ ਬੈਠਾ ਕਹੀ ਜਾ ਰਿਹਾ ਹੈ :

'ਨ ਕੋਈ ਹਿੰਦੂ ਨ ਮੁਸਲਮਾਨ,
ਨ ਕੋਈ ਹਿੰਦੂ ਨ ਮੁਸਲਮਾਨ'

ਲੋਕਾਂ ਲਈ ਇਹ ਵਡੀ ਅਸਚਰਜ ਗੱਲ ਸੀ। ਨਵਾਬ ਦੇ ਕਾਰਿੰਦਿਆਂ

ਭਾਈਆ ਜੈ ਰਾਮ ਅਤੇ ਹੋਰ ਲੋਕਾਂ ਨੇ ਬਥੇਰੀ ਵਾਹ ਲਾਈ ਕਿ ਮਸਤਾਨਾ ਨਾਨਕ ਉਨ੍ਹਾਂ ਦੀ ਗੱਲ ਸੁਣੇ ਅਤੇ ਸ਼ਹਿਰ ਜਾ ਕੇ ਆਪਣੀ ਹਟ ਦਾ ਬੂਹਾ ਖੋਲ੍ਹੇ, ਪਰ ਉਹ ਤਾਂ ਇਕੋ ਗੱਲ 'ਨ ਕੋਈ ਹਿੰਦੂ ਨ ਮੁਸਲਮਾਨ' ਤੋਂ ਬਿਨਾ ਨ ਕੁਝ ਬੋਲਦੇ ਸਨ ਅਤੇ ਨਾ ਸੁਣਦੇ ਹੀ ਸਨ। ਗੁਰੂ ਨਾਨਕ ਦੇ ਜੀਵਨ ਅੰਦਰ ਇਹ ਇਕ ਮੋੜ ਸੀ, ਇਕ ਪੜਾਅ ਸੀ, ਜਿਸ ਤੋਂ ਨਵੀਂ ਮੰਜ਼ਲ ਦਾ ਅਰੰਭ ਹੋਣਾ ਸੀ।

ਪਹਿਲੀ ਮੰਜ਼ਲ ਦੇ ਮੁੱਕਣ ਤਕ ਗੁਰੂ ਨਾਨਕ ਨੇ ਮਨੁਖਤਾ ਅਤੇ ਦੇਸ਼ ਦੀ ਉਸ ਸਥਿਤੀ ਦਾ ਚੰਗੀ ਤਰ੍ਹਾਂ ਅਧਿਐਨ ਕਰ ਲਿਆ ਸੀ ਜਿਸ ਦਾ ਸੰਖੇਪ ਵਰਨਣ ਪਹਿਲੇ ਕਾਂਡ ਵਿਚ ਕੀਤਾ ਗਿਆ ਹੈ। ਆਪ ਦੇ ਸਾਮ੍ਹਣੇ ਕਿੰਨਾ ਵਡਾ ਮਸਲਾ ਸੀ ਅਤੇ ਇਸ ਦੇ ਨਜਿਠਣ ਦੇ ਰਾਹ ਵਿਚ ਕਿੰਨੀਆਂ ਕਠਨਾਈਆਂ ਸਨ ਇਸ ਨੂੰ ਆਪ ਨੇ ਭਲੀ ਤਰ੍ਹਾਂ ਭਾਂਪ ਲਿਆ ਹੋਇਆ ਸੀ। ਏਡੇ ਕਠਨ ਸਵਾਲ ਦਾ ਹੱਲ ਦਿਨਾਂ ਦੀ ਖੇਡ ਨਹੀਂ ਸੀ। ਇਹ ਤਾਂ ਮਨੁਖਤਾ ਦੇ ਮਨ ਬਦਲ ਦੇਣ ਦਾ ਮਸਲਾ ਸੀ, ਮਨੁਖ ਦੀ ਸੋਚਨੀ ਅਤੇ ਉਸ ਦੇ ਸੁਭਾਅ ਅੰਦਰ ਕ੍ਰਾਂਤੀ ਲਿਆਉਣੀ ਸੀ। ਨਾ ਇਹ ਕਿਸੇ ਇਕ ਖੰਡ ਜਾਂ ਦੇਸ ਦਾ ਸਵਾਲ ਸੀ ਬਲਕਿ ਸਮੁਚੀ ਲੁਕਾਈ ਦੇ ਸੋਧਨ ਦਾ ਕੰਮ ਸੀ ਜਿਸ ਤੇ ਕਈ ਜੀਵਨੀਆਂ ਲਗਾਕੇ ਅਣਥਕ ਘਾਲਨਾ ਘਾਲਣ ਦੀ ਲੋੜ ਸੀ, ਜਿਸ ਦੇ ਲਈ ਸਤਿਗੁਰਾਂ ਨੇ ਬਹੁਤ ਲੰਮਾ ਦੋ ਸੋ ਸਾਲਾਂ ਤੋਂ ਵਧ ਸਮੇਂ ਦਾ ਪਲੈਨ ਉਲੀਕਿਆ। ਉਪਰੰਤ ਤਿੰਨ ਦਿਨ ਤੇ ਤਿੰਨ ਰਾਤਾਂ ਦੀ ਨਿਰੰਤਰ ਇਕਾਂਤ ਅੰਦਰ ਆਪਣੇ ਕਰਤਾ ਪੁਰਖ ਨਾਲ ਇਕ ਸੁਰ ਹੋ ਕੇ ਆਪਣੇ ਪਲੈਨ ਦੀ ਸਫਲਤਾ ਲਈ ਉਸ ਤੋਂ ਬਖਸ਼ਸ਼ ਪ੍ਰਾਪਤ ਕੀਤੀ। ਇਸ ਦਾ ਸੰਖੇਪ ਵਰਨਣ ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ੨੪ਵੀਂ ਪੌੜੀ ਵਿਚ ਕਰਦੇ ਹਨ :

'ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।

... ...

ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤ ਚਲਾਈ।
ਚੜ੍ਹਿਆ ਸੋਧਨ ਧਰਤ ਲੁਕਾਈ।'

ਗੁਰੂ ਨਾਨਕ ਨੇ ਆਪਣੇ ਵਿਸ਼ਾਲ ਪਲੈਨ ਦਾ ਮੁਢ 'ਨ ਕੋਈ ਹਿੰਦੂ ਨ ਮੁਸਲਮਾਨ' ਦੇ ਹੋਕੇ ਨਾਲ ਬਧਾ। ਜਦੋਂ ਭੀ ਕੋਈ ਨਵੀਂ ਮੂਵਮੈਂਟ (ਲਹਿਰ) ਅਰੰਭ ਕਰਨੀ ਹੋਵੇ ਤਾਂ ਉਸ ਦਾ ਵਿਸ਼ੇਸ਼ ਸਲੋਗਨ ਘੜਿਆ ਜਾਂਦਾ ਹੈ ਅਤੇ ਵਿਸ਼ੇਸ਼ ਝੰਡਾ ਹੁੰਦਾ ਹੈ ਜਿਸ ਦੇ ਹੇਠ ਲੋਕ ਇੱਕਠੇ ਹੋ ਕੇ ਆਪਣਾ ਨਵਾਂ ਨਾਅਰਾ ਉਚੀ ਆਵਾਜ਼ ਨਾਲ ਲਾਉਂਦੇ ਹਨ ਅਤੇ ਲਹਿਰ ਵਿਚ ਜੀਵਨ ਆਉਂਦਾ ਹੈ। ਗੁਰੂ ਨਾਨਕ ਦਾ ਹੋਕਾ ਬੜਾ ਅਨੋਖਾ ਸੀ। ਆਪ ਦੇ ਦੁਆਲੇ ਇੱਕਠੇ ਹੋਏ ਸਭ ਲੋਕ ਜਾ ਹਿੰਦੂ ਸਨ ਜਾਂ ਮੁਸਲਮਾਨ, ਪਰ ਗੁਰੂ ਨਾਨਕ ਜੀ ਕਹਿ ਰਹੇ ਸਨ ਕੋਈ ਹਿੰਦੂ ਨਹੀਂ, ਨਾ ਕੋਈ ਮੁਸਲਮਾਨ ਹੈ। ਕੌਣ ਹੋਵੇ ਜੋ ਸਮੇਂ ਦੇ ਹਿੰਦੂ ਮੁਸਲਮਾਨ ਦੇ ਵਿਤਕਰੇ ਅੰਦਰ ਦ੍ਰਿੜ ਹੋ ਚੁਕੇ ਸਮਾਜ ਵਿਚੋਂ ਉਠੇ ਅਤੇ ਆਪ ਨੂੰ ਸਮਝੇ।

ਗੁਰੂ ਨਾਨਕ ਦੇ ਇਸ ਹੋਕੇ ਦੀ ਚਰਚਾ ਘਰ ਘਰ ਅਤੇ ਹਰ ਪਿੰਡ ਤੇ ਸ਼ਹਿਰ ਅੰਦਰ ਫੈਲ ਗਈ। ਇਸ ਦੀ ਸੋਅ ਤਲਵੰਡੀ ਭੀ ਪੁਜੀ। ਉਥੋਂ ਆਪ ਦੇ ਮਾਤਾ ਪਿਤਾ ਤੇ ਹੋਰ ਸੱਜਣ ਸਨੇਹੀ ਭੀ ਸੁਲਤਾਨ ਪੁਰ ਆਏ। ਤਲਵੰਡੀ ਦੇ ਮੀਰ ਮਿਰਾਸੀ ਭਾਈ ਮਰਦਾਨੇ ਨੂੰ ਉਚੇਚਾ ਸੁਨੇਹਾ ਮਿਲਣ ਪਰ ਉਹ ਭੀ ਆਇਆ ਅਤੇ ਸੰਧੂ ਜੱਟ ਭਾਈ ਬਾਲਾ ਭੀ। ਗੁਰੂ ਨਾਨਕ ਦੇ ਪਲੈਨ ਵਿਚ ਇਨ੍ਹਾਂ ਦੋਹਾਂ ਦਾ ਵਿਸ਼ੇਸ਼ ਥਾਉਂ ਸੀ। ਆਪ ਦੀ ਪ੍ਰੇਰਨਾ ਤੇ ਉਹ ਤਿਆਰ ਹੋ ਗਏ ਅਤੇ ਹੁਣ ਖਤਰੀ ਘਰਾਣੇ ਦੀ ਕੁਲ ਦਾ ਜੰਮਿਆ ਜਾਇਆ ਨਾਨਕ ਇਕ ਹੱਥ ਨੀਚ ਜ਼ਾਤ ਮੁਸਲਮਾਨ ਮਿਰਾਸੀ ਮਰਦਾਨਾ ਅਤੇ ਦੂਜੇ ਹਥ ਸ਼ੂਦਰ ਜਟ ਬਾਲਾ ਕੰਘੜੀਆਂ ਪਾਈ ਇਕ ਅਵਾਜ਼ ਉਚੀ 'ਨ ਕੋਈ ਹਿੰਦੂ ਨ ਮੁਸਲਮਾਨ' ਦਾ ਨਾਅਰਾ ਲਾਉਂਦੇ ਇਕਠੇ ਜਾ ਰਹੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜਮ੍ਹਾ ਹੋਏ ਲੋਕ ਵੇਖ ਤੇ ਕਹਿ ਰਹੇ ਹਨ

"ਕਿਆ ਅਜੀਬ ਜੋੜ ਹੈ, ਕੀ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਇਹੋ ਮਤਲਬ ਹੈ ? ਜੇ ਇਹ ਹਿੰਦੂ ਨਹੀਂ, ਮੁਸਲਮਾਨ ਨਹੀਂ ਤਾਂ ਇਹ ਕੌਣ ਹਨ ?" ਗੁਰੂ ਨਾਨਕ ਦੇ ਕਰਤਾ ਪੁਰਖ ਵਲੋਂ ਆਵਾਜ਼ ਸੁਣੀ ਗਈ 'ਇਹ ਇਨਸਾਨ ਹਨ, ਇਹ ਮੇਰੇ ਪੁਤਰ ਹਨ, ਮੈਂ ਇਨ੍ਹਾਂ ਨੂੰ ਇਕੋ ਮਿਟੀ ਤੋਂ ਇਕੋ ਜੇਹਾ ਘੜਿਆ ਹੈ, ਮੇਰੀ ਇਕੋ ਸੱਤਾ ਹੀ ਇਨ੍ਹਾਂ ਦੇ ਅੰਦਰ ਵਸ ਰਹੀ ਹੈ। ਮੈਂ ਤਾਂ ਕਿਸੇ ਨੂੰ ਹਿੰਦੂ, ਖਤਰੀ, ਸ਼ੂਦਰ ਜਾਂ ਮੁਸਲਮਾਨ ਬਣਾ ਕੇ ਨਹੀਂ ਭੇਜਿਆ, ਇਹ ਵਿਤਕਰੇ ਤਾਂ ਤੁਸੀਂ ਆਪ ਪਾ ਲਏ ਹਨ। ਮੈਂ ਤਾਂ ਸਭ ਦੇ ਮੂੰਹ ਅੱਖਾਂ, ਨੱਕ, ਕੰਨ, ਹੱਥ ਪੈਰ ਇਕੋ ਜਹੇ ਬਣਾ ਕੇ ਸਾਰਿਆਂ ਨੂੰ ਇਕੋ ਜਹੇ ਪਉਣ ਪਾਣੀ ਧਰਤੀ ਆਕਾਸ਼ ਤੇ ਚੰਦ ਸੂਰਜ ਦਿਤੇ ਹਨ। ਜਦੋਂ ਮੈਂ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਤਾਂ ਤੁਸੀਂ ਹਿੰਦੂ ਮੁਸਲਮਾਨ ਦਾ ਵਿਤਕਰਾ ਕਿਉਂ ਪਾ ਲਿਆ ਹੈ ?' ਹੁਣ ਵਾਯੂ ਮੰਡਲ ਵਿਚ ਇਕ ਨਾਦ ਹੋਇਆ :

'ਸਭ ਘਟਿ ਰਾਮ ਬੋਲੈ ਰਾਮਾ ਬੋਲੈ
ਰਾਮ ਬਿਨਾ ਕੋ ਬੋਲੈ ਰੇ'

ਇਸ ਰਬੀ ਨਾਦ ਦੀ ਗੂੰਜ ਤੇ ਮਰਦਾਨਾ ਝੂਮ ਉਠਿਆ, ਉਸ ਨੇ ਰਬਾਬ ਦੀ ਤਾਰ ਤੁਣ ਤੁਣਾਈ ਅਤੇ ਗੁਰੂ ਨਾਨਕ ਦੇ ਗਲੇ ਵਿਚੋਂ ਇਉਂ ਅਲਾਪ ਹੋਇਆ :

ਸਰਬ ਜੋਤਿ ਤੇਰੀ ਪਸਰਿ ਰਹੀ
ਜਹ ਜਹ ਦੇਖਾ ਤਹ ਨਰਹਰੀ
ਜੀਵਨ ਤਲਬ ਨਿਵਾਰਿ ਸੁਆਮੀ
ਅੰਧ ਕੂਪਿ ਮਾਇਆ ਮਨ ਗਾਡਿਆ
ਕਿਉਂ ਕਰਿ ਉਤਰਉ ਪਾਰਿ ਸੁਆਮੀ

ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ
ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ।

ਆਪੇ ਨੇੜੈ ਆਪੇ ਦੂਰਿ
ਆਪੇ ਸਰਬ ਰਹਿਆ ਭਰਪੂਰਿ
ਸਤਿਗੁਰੁ ਮਿਲੈ ਅੰਧੇਰਾ ਜਾਇ
ਜਹ ਦੇਖਾ ਤਹ ਰਹਿਆ ਸਮਾਇ

ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸ ਬਾਣੀ।
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ।
ਰਾਮਕਲੀ ਮ: ੧

ਗੁਰੂ ਨਾਨਕ ਦੇਵ ਨੇ ਆਪਣੇ ਵਿਸ਼ਾਲ ਪਲੈਨ ਦੇ ਹੋਕੇ ਨਾਲ ਹੀ ਇਸ ਨੂੰ ਸਫਲ ਬਨਾਉਣ ਦੇ ਸਾਧਨ ਭੀ ਉਲੀਕ ਲੈ ਸਨ। ਆਪ ਨੇ ਮੋਦੀਖਾਨਾ, ਮਾਤਾ ਪਿਤਾ, ਬਚੇ, ਪਿਆਰੀ ਭੈਣ ਤੇ ਹੋਰ ਸਾਰੇ ਪ੍ਰਵਾਰ ਦਾ ਪਿਆਰ ਇਸ ਪਲੈਨ ਤੋਂ ਸਦਕੇ ਕੀਤਾ ਅਤੇ ਇਕ ਤਿਆਗੀ ਸਾਧੂ ਦੇ ਰੂਪ ਵਿਚ ਘਰੋਂ ਨਿਕਲ ਪਏ ਤਾਕਿ ਉਹ ਵਧ ਤੋਂ ਵਧ ਮਨੁਖਤਾ ਨੂੰ ਪਲੈਨ ਦੀ ਰੂਪ ਰੇਖਾ ਦੇ ਘੇਰੇ ਵਿਚ ਲਿਆ ਸਕਨ। ਇਸ ਦੇ ਲਈ ਆਪ ਨੂੰ ਪੰਜਾਬ ਦਾ ਹੀ ਨਹੀਂ, ਸਗੋਂ ਭਾਰਤ ਅਤੇ ਇਸ ਦੇ ਚਾਰੇ ਪਾਸੇ ਨਾਲ ਲਗਦੇ ਦੇਸਾਂ ਦਾ ਰਟਨ ਕਰਨਾ ਪਿਆ, ਜੋ ਓਨੀ ਦਿਨੀ, ਜਦੋਂ ਕਿ ਆਵਾ ਜਾਈ ਅਤੇ ਤਾਲ ਮੇਲ ਦੇ ਸਾਧਨ ਸੀਮਤ ਸਨ, ਬਹੁਤ ਹੀ ਕਠਨ ਸੀ। ਪਰ ਕੋਈ ਕਠਨਾਈ ਭੀ ਆਪਦੇ ਦ੍ਰਿੜ ਇਰਾਦੇ ਦੇ ਰਾਹ ਵਿਚ ਰੋਕ ਨਹੀਂ ਬਣ ਸਕਦੀ ਸੀ। ਆਪ ਦੇ ਇਸ ਪ੍ਰੋਗਰਾਮ ਨੂੰ ਜਨਮ ਸਾਖੀ ਕਾਰਾਂ ਨੇ 'ਉਦਾਸੀ' ਦਾ ਨਾਮ ਦਿਤਾ ਹੈ। ਆਪ ਨੇ ਅਜੇਹੀਆਂ ਪੰਜ ਉਦਾਸੀਆਂ ਕੀਤੀਆਂ ਜਿਨ੍ਹਾਂ ਵਿਚੋਂ ਪਹਿਲੀ ਬਾਰਾਂ ਸਾਲਾਂ ਦੀ ੧੪੯੭ ਤੋਂ ੧੫੦੯ ਸੰਨ ਤਕ ਦੀ ਸੀ, ਇਹ ਸਾਰਾ ਸਮਾਂ ਭਾਈ ਮਰਦਾਨਾ ਆਪ ਦੇ ਨਾਲ ਰਿਹਾ। ਵਿਸ਼ੇਸ਼ ਯਾਦਗੀਰੀ ਵਾਲੀਆਂ ਥਾਵਾਂ ਜਿਥੇ ਆਪ ਇਸ ਸਮੇਂ ਅੰਦਰ ਗਏ ਉਹ ਸਨ: ਸੈਦਪੁਰ (ਏਮਨਾਬਾਦ) ਤੁਲੰਬਾ, ਕੁਰਕਸ਼ੇਤਰ, ਹਰਦੁਆਰ, ਪਾਣੀਪਤ, ਦਿਲੀ,

ਬਨਾਰਸ, ਗੋਰਖਮਤਾ (ਨਾਨਕਮਤਾ) ਗਯਾ, ਕਾਮਰੂਪ (ਆਸਾਮ); ਜਗਨ ਨਾਥ ਪੁਰੀ ਅਤੇ ਅਜੋਧਨ (ਪਾਕਪਟਨ)

ਆਪ ਦੀ ਦੂਜੀ ਉਦਾਸੀ ਸੰਨ ੧੫੧੦ ਤੋਂ ੧੫੧੫ ਤਕ ਦਖਣ ਦਿਸ਼ਾ ਦੀ ਸੀ ਜਿਸ ਦੀਆਂ ਪਰਸਿਧ ਥਾਵਾ ਰਾਮੇਸ਼ਵਰਮ, ਸਾਬੂਰ, ਭਕੇਰ, ਸ਼ਿਵਕਾਂਜੀ ਅਤੇ ਭਾਰਤ ਤੋਂ ਬਾਹਰ ਲੰਕਾ ਦਾ ਟਾਪੂ ਸੀ।

ਤੀਜੀ ਉਦਾਸੀ ਉਤਰ ਦੇ ਰੁਖ਼ ੧੫੧੬ ਤੋਂ ੧੫੧੮ ਤਕ ਕਸ਼ਮੀਰ ਅਤੇ ਇਸ ਤੋਂ ਉਪਰ ਹਿਮਾਲੀਆ ਪਰਬਤ ਤੇ ਝੀਲ ਮਾਨ ਸਰੋਵਰ ਅਤੇ ਤਿਬੱਤ ਦੀ ਸੀ, ਜਿਥੇ ਸਿੱਧ ਜਾਂ ਜੋਗੀ ਲੋਕ ਰਹਿੰਦੇ ਸਨ।

ਚੋਥੀ ਪੱਛਮ ਵੱਲ ੧੫੧੮ ਤੋਂ ੧੫੨੩ ਤਕ ਅਰਬ ਦੇਸ ਅੰਦਰ ਮਕਾ ਮਦੀਨਾਂ ਤੇ ਬਗ਼ਦਾਦ ਅਤੇ ਵਾਪਸੀ ਸਮੇਂ ਈਰਾਨ ਤੇ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਦੀ ਪੱਛਮੀ ਸਰਹਦ ਤੇ ਹਸਨ ਅਬਦਾਲ ਦੀ ਸੀ।

ਪੰਜਵੀਂ ਤੇ ਆਖਰੀ ਉਦਾਸੀ ਪੰਜਾਬ ਦੇ ਅੰਦਰ ਹੀ ੧੫੨੩ ਤੋਂ ੧੫੨੪ ਤਕ ਪਾਕਪਟਨ, ਦੀਪਾਲ ਪੁਰ ਕੰਗਣ ਪੁਰ, ਕਸੂਰ, ਪਟੀ ਵੈਰੋਵਾਲ, ਬਟਾਲਾ ਅਤੇ ਵਾਪਸੀ ਸਮੇਂ ਫਿਰ ਸੈਦਪੁਰ ਦੀ ਸੀ। ਇਨ੍ਹਾਂ ਦਿਨਾਂ ਵਿਚ ਹੀ ਬਾਬਰ ਨੇ ਸੈਦਪੁਰ ਦਾ ਸ਼ਹਿਰ ਲੁਟਿਆ ਫੂਕਿਆਂ ਅਤੇ ਅਨਗਿਨਤ ਲੋਕ ਮਾਰੇ ਤੇ ਕੈਦ ਕੀਤੇ ਸਨ। ਏਥੋਂ ਆਪ ਪਸਰੂਰ ਸਿਆਲਕੋਟ ਤੇ ਮਿਠਨ ਕੋਟ ਤੋਂ ਹੁੰਦੇ ਹੋਏ ਰਾਵੀ ਦੇ ਕੰਢੇ ਕਰਤਾਰ ਪੁਰ ਆ ਗਏ। ਕਰਤਾਰ ਪੁਰ ਆਪ ਨੇ ਹੀ ਵਸਾਇਆ ਸੀ ਅਤੇ ਸਤਾਈ ਸਾਲ ਦੀਆਂ ਲੰਮੀਆਂ ਉਦਾਸੀਆਂ ਮਗਰੋ ਆਪ ਏਥੇ ਹੀ ਆ ਟਿਕੇ। ਆਪ ਦਾ ਪ੍ਰਵਾਰ-ਮਾਤਾ ਸੁਲਖਨੀ ਅਤੇ ਬੱਚੇ ਭੀ ਆਪ ਪਾਸ ਏਥੇ ਆ ਗਏ ਅਤੇ ਬਾਕੀ ਦਾ ਜੀਵਨ ਸਮਾਂ ਇਕ ਚੰਗੇ ਗ੍ਰਹਸਥੀ ਵਾਂਗ ਆਪ ਨੇ ਏਥੇ ਬਿਤਾਇਆ

ਅਤੇ ਸਾਰੀ ਉਮਰ ਦੇ ਕੀਤੇ ਕੰਮ ਨੂੰ ਜਥੇਬੰਦ ਤੇ ਸੰਗਠਤ ਕੀਤਾ। 'ਸੰਗਤ' ਦਾ ਪਰਚਾ ਜੋ ਆਪ ਥਾਂ ਥਾਂ ਪਾ ਆਏ ਸਨ ਇਥੇ ਭੀ ਕਾਇਮ ਹੋਇਆ ਅਤੇ ਸੰਗਤ ਦੇ ਨਾਲ 'ਪੰਗਤ' (ਸਾਂਝਾ ਲੰਗਰ) ਚਾਲੂ ਕਰ ਕੇ ਆਪ ਨੇ 'ਨ ਕੋਈ ਹਿੰਦੂ ਨ ਮੁਸਲਮਾਨ' ਦੇ ਹੋਕੇ ਨੂੰ ਅਮਲੀ ਰੂਪ ਦਿਤਾ।

ਕਰਤਾਰ ਪੁਰ ਵਿਚ ਆਪ ਨੇ ਉਸ ਨਿਤਾ ਪ੍ਰਤੀ ਘਰ ਬਾਰੀ ਜੀਵਨ ਦੀ ਰੂਪ ਰੇਖਾ ਉਲੀਕ ਕੇ ਦਸੀ, ਜੇਹੋ ਜਿਹਾ ਜੀਵਨ ਬਿਤਾਉਣਾ ਆਪ ਹਰ ਮਨੁਖ ਲਈ ਜ਼ਰੂਰੀ ਸਮਝਦੇ ਸਨ। ਇਹ ਹਥੀਂ ਕਿਰਤ ਕਰਨ ਵਾਲੇ ਨਾਮ ਰਸੀਏ ਸੰਤੁਸ਼ਟ ਲੋਕਾਂ ਦਾ ਜੀਵਨ ਸੀ ਜਿਸ ਵਿਚ ਆਏ ਗਏ, ਸਾਧ ਸੰਤ ਰਾਹੀ ਪਾਂਧੀ ਦੀ ਸੇਵਾ ਅਤੇ ਉਨ੍ਹਾਂ ਨਾਲ ਗੁਣਾਂ ਦੀ ਸਾਂਝ ਤੇ ਪਰਚਾ ਨਾਮ ਦਾ ਹੁੰਦਾ। ਸਭ ਨੂੰ ਜੀਅ ਦਾਨ ਵੰਡੀਦਾ ਅਤੇ ਖਾਲੀ ਹਥ ਆਏ ਲੋਕ ਏਥੋਂ ਝੋਲੀਆਂ ਭਰ ਲੈ ਜਾਂਦੇ ਅਤੇ ਜਿਥੇ ਜਾਂਦੇ ਨਾਮ ਦਾਨ ਵੰਡਦੇ।

ਸਤਿਗੁਰੂ ਜੀ ਨੇ ੧੪-੧੫ ਸਾਲ ਇਉਂ ਬਿਤਾਏ ਅਤੇ ਜਦੋਂ ਵੇਖਿਆ ਕਿ ਸਰੀਰ ਦੀ ਅਉਧ ਪੁਜਣ ਵਾਲੀ ਹੈ ਆਪ ਨੇ ਸੰਨ ੧੫੩੯ ਵਿਚ ਸਰੀਰ ਬਦਲੀ ਕਰ ਲਈ। ਆਪ 'ਗੁਰੂ ਅੰਗਦ ਕੇ ਹੀਐ ਮਾਹਿ' ਜਾ ਬਿਰਾਜੇ। ਇਸੇ ਤਰ੍ਹਾਂ ਅਠ ਹੋਰ ਸਰੂਪਾਂ ਅੰਦਰ ਵਿਚਰਦੇ ਹੋਇ ਅਖੀਰ ਗੁਰੂ ਗੋਬਿੰਦ ਸਿੰਘ ਦੇ ਨਿਜ ਰੂਪ 'ਖਾਲਸੇ' ਅੰਦਰ ਸਦਾ ਲਈ ਜਾ ਸਮਾਏ।

ਆਪ ਦੇ ਉਦਾਸੀਆਂ ਦੇ ਪ੍ਰੋਗਰਾਮ ਨੂੰ ਗਹੁ ਨਾਲ ਵੇਖਣ ਤੋਂ ਪਤਾ ਚਲਦਾ ਹੈ ਕਿ ਜਿਨ੍ਹਾਂ ਥਾਈਂ ਆਪ ਗਏ ਆਮ ਕਰਕੇ ਭਾਰਤ ਅਤੇ ਇਸ ਦੇ ਆਲੇ ਦੁਆਲੇ ਦੇ ਪਰਚਲਤ ਧਰਮਾਂ ਨੂੰ ਸੇਧ ਦੇਣ ਵਾਲ ਟਿਕਾਣੇ ਸਨ। ਇਹ ਸਨ ਬ੍ਰਹਿਮਣੀ ਵਿਚਾਰਧਾਰਾ, ਵੈਸ਼ਨਵ ਮਤ ਤੇ ਭਗਤੀ ਲਹਿਰ ਦੇ ਵਿਸ਼ੇਸ਼ ਥਾਂ, ਗੁਰੂ ਗੋਰਖਨਾਥ ਦੇ ਸਿਧ ਜਾਂ ਜੋਗ ਆਸਨ, ਬੋਧੀ ਅਤੇ ਜੈਨ ਪਰੰਪਰਾ ਦੇ ਮਠ ਅਤੇ ਇਸਲਾਮ

ਤੇ ਸੂਫੀ ਵਿਚਾਰ ਦੇ ਮੁਖ ਕੇਂਦਰ। ਇਨ੍ਹਾਂ ਤੋਂ ਇਲਾਵਾ ਇਨ੍ਹਾਂ ਧਰਮਾਂ ਦੇ ਪ੍ਰਸਿਧ ਸਾਧੂਆਂ ਸੰਤਾਂ, ਜੋਗੀਆਂ ਅਤੇ ਪੀਰਾਂ, ਫਕੀਰਾਂ ਨੂੰ ਮਿਲਣ ਅਤੇ ਵਿਚਾਰ ਵਟਾਂਦਰਾ ਕਰਨ ਵਿਚ ਆਪ ਨੇ ਵਡੀ ਦਿਲਚਸਪੀ ਲਈ।

ਸਰੂਪ

ਦੇਸ਼ ਅਤੇ ਸਮੇਂ ਦੀਆਂ ਪਰਚੱਲਤ ਧਰਮ ਵਿਚਾਰਧਾਰਾਂ ਦੇ ਸਮਕਾਲੀ ਮੁਖੀ ਸਾਧੂ ਸੰਤਾ ਤੇ ਫਕੀਰਾਂ ਨਾਲ ਆਪ ਦਾ ਮੇਲ ਮੁਲਾਕਾਤ ਅਤੇ ਉਨ੍ਹਾਂ ਨਾਲ ਵਿਚਾਰ ਵਟਾਦਰਾਂ ਕਰਨਾ ਦਸਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੂੰ ਵਖੋ ਵਖ ਧਰਮ ਵਿਸ਼ਵਾਸ਼ਾਂ ਦੇ ਜਾਨਣ ਅਤੇ ਉਨਾਂ ਬਾਰੇ ਆਪਣੇ ਵਿਚਾਰ ਦੇਣ ਵਿਚ ਉੱਕਾ ਹੀ ਕੋਈ ਸੰਕੋਚ ਨਹੀਂ ਸੀ, ਸਗੋਂ ਆਪ ਨੇ ਉਨ੍ਹਾਂ ਦੇ ਵਿਚ ਵੜਕੇ ਉਨ੍ਹਾਂ ਵਰਗੀ ਗੱਲ ਆਪਣੇ ਤਰੀਕੇ ਨਾਲ ਕੀਤੀ ਜਿਸ ਤੋਂ ਉਹ ਬਹੁਤ ਪ੍ਰਭਾਵਤ ਹੋਏ ਅਤੇ ਆਪਣੇ ਵਿਸ਼ਵਾਸ਼ਾਂ ਦਾ ਗਲਤ ਹੋਣਾ ਸਵੀਕਾਰ ਕੀਤਾ। ਜੇਕਰ ਆਪ ਹਰਦੁਆਰ ਗਏ ਅਤੇ ਲੋਕਾਂ ਨੂੰ ਪੂਰਬ ਦੇ ਰੁਖ਼ ਸੂਰਜ ਵੱਲ ਨੂੰ ਪਾਣੀ ਉਛਾਲਦੇ ਵੇਖਿਆ ਤਾਂ ਆਪ ਨੇ, ਬਜਾਏ ਇਸ ਦੇ ਕਿ ਉਨ੍ਹਾਂ ਨਾਲ ਅਜੇਹਾ ਕਰਨ ਦੀ ਦਲੀਲ ਬਾਜ਼ੀ ਵਿਚ ਪੈਂਦੇ, ਪੱਛਮ ਨੂੰ ਪਾਣੀ ਸੁਟਨਾ ਸ਼ੁਰੂ ਕਰ ਦਿਤਾ। ਬਗਦਾਦ ਗਏ ਤਾਂ ਉਨ੍ਹਾਂ ਦੀ ਬਾਂਗ ਦੇ ਤਰੀਕੇ ਤੇ ਆਪਣੀ ਨਿਰਾਲੀ ਬਾਂਗ ਦਿਤੀ। ਨਵਾਬ ਤੇ ਕਾਜ਼ੀ ਨਾਲ ਨਿਮਾਜ ਵਿਚ ਸ਼ਾਮਲ ਹੋਏ ਤਾਂ ਖੜੇ ੨ ਹੀ ਕਰਤਾਪੁਰਖ ਦੇ ਅਰਾਧਨ ਵਿਚ ਜੁੜੇ ਰਹੇ, ਜਗਨਨਾਥ ਪੁਰੀ ਪਾਂਡਿਆਂ ਦੀ ਆਰਤੀ ਵਿਚ ਭੀ ਸ਼ਾਮਲ ਹੋਏ ਪਰ ਆਪਣੇ ਢੰਗ ਦੀ ਆਰਤੀ ਉਨ੍ਹਾਂ ਨੂੰ ਸਿਖਲਾਈ ਆਦਿ। ਆਪ ਦਾ ਨਿਸ਼ਾਨਾ ਸਮੁਚੇ ਤੌਰ ਮਨੁਖ ਦੀ ਸੋਚਨੀ ਬਦਲ ਦੇਣ ਦਾ ਸੀ। ਇਹ ਗੱਲ ਦਲੀਲ ਬਾਜ਼ੀ ਜਾਂ ਵਾਦ ਵਿਵਾਦ ਵਿਚ ਪੈ ਕੇ ਕਰਨੀ ਸੰਭਵ ਨਹੀਂ ਸੀ। ਲੋਕ ਵਿਚਾਰ (mass mentality)

ਦਲੀਲ ਨਾਲੋਂ ਕਰਤਵ ਦੀ ਵਧੇਰੇ ਕਾਇਲ ਹੋਇਆ ਕਰਦੀ ਹੈ ਇਸ ਲਈ ਸਤਿਗੁਰੂ ਜਿਥੇ ਭੀ ਜਾਂਦੇ, ਕੋਈ ਅਜੇਹਾ ਕਰਤਵ ਕਰਦੇ ਜਿਸ ਨਾਲ ਲੋਕ ਰੁਚੀ ਆਪਣੇ ਆਪ ਹੀ ਖਿਚੀ ਜਾਂਦੀ ਅਤੇ ਆਪ ਦਾ ਕਰਤਵ ਅਤੇ ਉਸ ਦੇ ਨਾਲ ਸਹਿਜ ਸੁਭਾ ਉਚਰੇ ਬੋਲ ਲੋਕਾਂ ਨੂੰ ਆਪ ਦੇ ਨੁਕਤੇ ਦੀ ਸਚਾਈ ਨਿਸਚੇ ਕਰਾ ਦੇਂਦੇ। ਆਪਣਾ ਕ੍ਰਾਂਤੀ ਕਾਰ ਅੰਦੋਲਨ ਅਰੰਭ ਕਰਨ ਸਮੇਂ 'ਨ ਕੋਈ ਹਿੰਦੂ ਨ ਮੁਸਲਮਾਨ' ਦਾ ਅਸਚਰਜ ਨਾਹਰਾ ਲਾਉਣਾ, ਸੈਦਪੁਰ ਵਿਚ ਮਲਕ ਭਾਗੋ ਦੇ ਮਾਹਲ ਪੁੜੇ ਛਡਕੇ ਭਾਈ ਲਾਲੋ ਦੀ ਰੁਖੀ ਸੁਖੀ ਰੋਟੀ ਖਾਣੀ, ਕੁਰਕਸ਼ੇਤਰ ਵਿਚ ਸੂਰਜ ਗ੍ਰਹਿਨ ਦੇ ਭਰੇ ਮੇਲੇ ਵਿਚ ਚੁਲ੍ਹਾ ਭਖਾਉਣਾ, ਮੱਕੇ ਵਿਚ ਮਿਹਰਾਬ ਵੱਲ ਪੈਰ ਪਸਾਰਕੇ ਸੌਣਾ, ਕੁਝਕੁ ਅਜੇਹੀਆ ਉਦਾਹਰਨਾਂ ਹਨ ਜਿਨ੍ਹਾਂ ਤੋਂ ਨਿਸਚੇ ਹੁੰਦਾ ਹੈ ਕਿ ਆਪ ਲੋਕ ਰੁਚੀ ਨੂੰ ਕਿਵੇਂ ਸਹਿਜੇ ਹੀ ਆਪਣੇ ਖਿਆਲਾਂ ਦੀ ਪਕੜ ਵਿਚ ਲੈ ਆਉਂਦੇ ਸਨ ਅਤੇ ਆਪ ਵਾਙੂ ਸੋਚਨ ਦੇ ਰਾਹੇ ਪਾ ਦੇਂਦੇ ਸਨ।

ਆਪ ਦੀ ਜ਼ਬਾਨ ਦੀ ਮਿਠਾਸ (Sweetness) ਬੋਲ ਵਿਚ ਨਿੰਮਰਤਾ (Humility), ਚੇਹਰੇ ਦੀ ਮੁਸਕਾਨ (Smile) ਅਤੇ ਬਚਨ ਅੰਦਰ ਹਾਸ ਰਸ (good humour) ਆਪ ਦੇ ਅਜਹੇ ਗੁਣ ਸਨ ਕਿ ਵੈਰ ਭਾਵਨਾ ਤੇ ਕੀਨਾ ਭੀ ਪਿਆਰ ਤੇ ਸਤਿਕਾਰ ਵਿਚ ਬਦਲ ਜਾਂਦੇ। ਫਿਰ ਆਪ ਜੋ ਕਹਿੰਦੇ ਉਸ ਵਿਚ ਏਨੀ ਸਚਾਈ ਹੁੰਦੀ ਅਤੇ ਕਹਿਣ ਪਿਛੇ ਏਡੀ ਦ੍ਰਿੜਤਾ, ਕਿ ਸੁਣਨ ਵਾਲੇ ਨਿਰੁਤਰ ਖੜੇ ਰਹਿ ਜਾਂਦੇ। ਕੁਰਕਸ਼ੇਤਰ ਵਿਚ ਸੂਰਜ ਗ੍ਰਹਿਣ ਦੇ ਮੇਲੇ ਵਿਚ ਆਪ ਦੀ ਮਾਸ ਦੀ ਹਾਂਡੀ ਚੜ੍ਹੀ ਵੇਖ ਪੰਡਤ ਨਾਨੂ ਤੇ ਉਸ ਦੇ ਅਨੇਕ ਸਾਥੀ ਅਤਿ ਕ੍ਰੋਧਵਾਨ ਹਥਾਂ ਵਿਚ ਸੋਟੇ ਲਈ ਸਤਿਗੁਰੂ ਜੀ ਨੂੰ ਮਾਰਨ ਆਉਂਦੇ ਹਨ। ਅਗੋਂ ਆਪ ਆਪਣੇ ਤਰੀਕੇ ਅਨੁਸਾਰ ਏਨਾ ਹੀ ਕਹਿੰਦੇ ਹਨ 'ਭਾਈ, ਗਿਆਨ ਮੇਂ ਬਾਤ ਕਰੋ' ਅਤੇ ਗੱਲ ਦਾ ਨਬੇੜਾ

ਓਥੇ ਹੀ ਹੋ ਜਾਂਦਾ ਹੈ।

ਬਗ਼ਦਾਦ ਵਿਚ ਆਪ ਦੀ ਨਿਰਾਲੀ ਬਾਂਗ ਅਤੇ ਲੱਖਾਂ ਅਕਾਸ਼ ਪਾਤਾਲਾਂ ਦਾ ਵਿਚਾਰ ਆਪ ਨੂੰ ਕੁਫਰ ਤੋਲਣ ਦਾ ਦੋਸ਼ੀ ਠਹਿਰਾਉਂਦਾ ਹੈ ਅਤੇ ਕਾਜ਼ੀ ਆਪ ਨੂੰ 'ਸੰਗ ਸਾਰ' (ਪਥਰ ਮਾਰ ਮਾਰ ਕੇ ਜਾਨੋ ਮਾਰ ਦੇਣਾ), ਕਰਨ ਦਾ ਫਤਵਾ ਦੇਂਦੇ ਹਨ, ਸਭ ਲੋਕ ਸਮੇਤ ਪੀਰ ਦੇ ਹੱਥ ਵਿਚ ਪੱਥਰ ਉਠਾਏ ਆਪ ਵੱਲ ਦੌੜੇ ਆ ਰਹੇ ਹਨ ਪਰ ਆਪ ਦੇ ਬੋਲ ਅਤੇ ਬਚਨਾਂ ਦੀ ਸਚਾਈ ਸਭ ਨੂੰ ਸ਼ਾਂਤ ਕਰ ਦੇਂਦੀ ਹੈ।

ਸੈਦ ਪੁਰ ਵਿਚ ਜਦੋਂ ਸੰਨ ੧੫੨੪ ਵਿਚ ਸਾਰਾ ਸ਼ਹਿਰ ਸਾੜਿਆ ਫੂਕਿਆ ਅਤੇ ਤੀਵੀਆਂ ਮਰਦ ਬੇਪਤ ਤੇ ਕਤਲ ਕੀਤੇ ਜਾ ਰਹੇ ਸਨ, ਅਤੇ ਗੁਰੂ ਨਾਨਕ ਭੀ ਕੈਦੀਆਂ ਦੀ ਕਤਾਰ ਵਿਚ ਮੁਗ਼ਲ ਦੀ ਚਕੀ ਪੀਹਣ ਲਗਾਏ ਗਏ ਸਨ, ਅਜੇਹੇ ਸਮੇਂ ਬਾਬਰ ਵਰਗੇ ਕਰੜੇ ਜੇਤੂ ਦੀ ਕਰੋਧ ਦੀ ਅਗ ਨੂੰ ਸਤਿਗੁਰੂ ਦੇ ਬਚਨ ਠੰਡਾ ਠਾਰ ਕਰ ਦੇਂਦੇ ਹਨ ਅਤੇ ਉਹ ਸਤਿਗੁਰਾਂ ਨੂੰ ਕਹਿੰਦਾ ਹੈ "ਹਜ਼ੂਰ, ਮੈਨੂੰ ਭੀ ਕੋਈ ਖਿਦਮਤ ਦਸੋ"। ਗੁਰੂ ਨਾਨਕ ਦੇਵ ਜੀ ਦੇ ਸੁਭਾਓ ਦੀ ਇਹ ਵਿਸ਼ੇਸ਼ਤਾਈ ਆਪ ਦੀ ਹਰ ਜੀਵਨ ਘਟਨਾ ਵਿਚ ਪ੍ਰਗਟ ਹੈ। ਬਾਲ ਨਾਨਕ ਦੀਆਂ ਮਹੀਆਂ ਨੇ ਜਟ ਦਾ ਖੇਤ ਉਜਾੜਿਆ ਜਿਸ ਤੇ ਰਾਇ ਬੁਲਾਰ ਦੀ ਕਚਹਿਰੀ ਵਿਚ ਸਮੇਤ ਬਾਬੇ ਕਾਲੂ ਦੇ ਆਪ ਦੀ ਪੇਸ਼ੀ ਹੋਈ, ਉਸ ਵਾਕਿਆ ਤੋਂ ਸ਼ੁਰੂ ਹੋਕੇ ਨਵਾਬ ਦੌਲਤ ਖ਼ਾਂ, ਮਲਕ ਭਾਗੋ, ਸਜਣ ਠਗ, ਕੌਡਾ ਰਾਕਸ਼, ਗੋਰਖ ਮਤੇ ਦੇ ਜੋਗੀ, ਜਗਨ ਨਾਥ ਪੁਰੀ ਦੇ ਪੰਡਤ, ਬੈਂਧੇਲੇ ਸਰਦਾਰ, ਮਕੇ ਦਾ ਕਾਜੀ ਰੁਕਨਦੀਨ, ਵਲੀ ਕੰਧਾਰੀ, ਹਮਜ਼ਾ ਗੌਂਸ, ਗੱਲ ਕੀ ਜਿਸ ਪਾਸ ਭੀ ਆਪ ਗਏ, ਭਾਵੇਂ ਉਹ ਆਪ ਦੇ ਖਿਆਲਾਂ ਦੇ ਵਿਰੋਧੀ ਅਤੇ ਕਈ ਆਪ ਦੇ ਲਹੂ ਦੇ ਤਿਹਾਏ ਸਨ, ਆਪ ਦੇ ਦਰਸ਼ਨ, ਬੋਲ ਤੇ ਬਚਨਾਂ ਨੇ ਉਨ੍ਹਾਂ ਸਭ ਨੂੰ ਆਪ ਦੇ ਪੈਰੀਂ ਪਾ ਦਿਤਾ। ਆਪ ਨੇ ਕੋਈ ਕਰਾਮਾਤ ਕਰਕੇ ਏਹਨਾਂ ਨੂੰ ਪ੍ਰਭਾਵਤ ਨਹੀਂ

ਕੀਤਾ, ਨਾ ਅਜੇਹਾ ਕਰਨਾ ਲੋਕਾਂ ਦੇ ਮਨਾਂ ਅਤੇ ਸੁਭਾਵਾਂ ਵਿਚ ਆਪ ਦੇ ਕ੍ਰਾਂਤੀ ਲਿਆਉਣ ਵਾਲੇ ਪ੍ਰੋਗਰਾਮ ਦੇ ਅਨੁਕੂਲ ਸੀ। ਆਪ ਦਾ ਲੋਕ ਸੋਚਨੀ ਨੂੰ ਉਲਟ ਦੇਣ ਦਾ ਅੰਦੋਲਨ ਸੀ ਜਿਸ ਨੂੰ ਸਫਲ ਬਨਾਉਣ ਲਈ ਆਪ ਦੇ ਪਿਛੇ ਕੋਈ ਰਾਜਸੀ, ਸਮਾਜਕ ਜਾ ਭਾਈਚਾਰਕ ਸਮਰਥਾ ਨਹੀਂ ਸੀ, ਕੇਵਲ ਆਪ ਦੀ ਜ਼ਾਤ ਅਤੇ ਆਪ ਦੇ ਅੰਦੋਲਨ ਦੀ ਮਹੱਤਤਾ ਹੀ ਸੀ ਜਿਸ ਨੇ ਆਪ ਨੂੰ ਸਫਲਤਾ ਦੇਣੀ ਸੀ। ਆਪ ਦੇ ਨਿਜੀ ਗੁਣਾਂ--ਜੀਭ ਦੀ ਮਿਠਾਸ, ਨਿੰਮਰਤਾ ਚੇਹਰੇ ਪਰ ਮੁਸਕਾਨ ਅਤੇ ਕਰਤਵ ਹਾਸ ਰਸ ਭਰਪੂਰ, ਬੋਲ ਅੰਦਰ ਦ੍ਰਿੜਤਾ ਅਤੇ ਜੋ ਬੋਲਦੇ ਉਸ ਪਰ ਆਪ ਦਾ ਆਪਣਾ ਪਕਾ ਵਿਸ਼ਵਾਸ ਤੇ ਵਿਸ਼ਵਾਸ ਦੀ ਅਤੋਲਤਾ ਅਤੇ ਕਹਿਣੀ ਨਾਲੇ ਕਰਣੀ ਦੀ ਵਡਿਆਈ ਨੇ ਆਪ ਨੂੰ ਹਰ ਮਨ ਪਿਆਰਾ ਬਣਾ ਦਿਤਾ ਸੀ। ਆਪ ਜੋ ਕਹਿੰਦੇ ਸਨ ਵਡੀ ਦ੍ਰਿੜਤਾ ਜਬ੍ਹੇ ਤੇ ਨਿਡਰਤਾ ਨਾਲ ਅਤੇ ਕਹਿਣ ਵਿਚ ਕੋਈ ਸੰਕੋਚ ਨਹੀਂ ਸਨ ਰਹਿਣ ਦੇਂਦੇ। ਛਟੀ ਉਮਰ ਵਿਚ ਹੀ ਜਦੋਂ ਕੁਲ ਦਾ ਪ੍ਰੋਹਤ ਆਪ ਨੂੰ ਜਨੇਊ ਪਹਿਨਾਉਣ ਆਇਆ ਤਾਂ ਉਸ ਨੂੰ ਪਹਿਨਣ ਯੋਗ ਅਸਲ ਜਨੇਊ ਦੀ ਸੂਚਨਾ ਦੇਂਦੇ ਹੋਏ ਇਸ ਸਮੇਂ ਇਕਠੇ ਹੋਏ ਸਾਰੇ ਭਾਈਚਾਰੇ ਦੇ ਸਾਮ੍ਹਣੇ ਪ੍ਰੋਹਤ ਬਾਰੇ ਬੜੀ ਨਿਡਰਤਾ ਨਾਲ ਕਹਿੰਦੇ ਹਨ :

> 'ਵੇਤਗਾ ਆਪੇ ਵਤੈ, ਵਟ ਧਾਗੇ ਅਵਰਾ ਘਤੈ
> ਲੈ ਭਾੜ ਕਰੇ ਵਿਆਹੁ, ਕਢ ਕਾਗਲ ਦਸੇ ਰਾਹੁ
> ਸੁਣ ਵੇਖਹੁ ਲੋਕਾ ਇਹ ਵਿਡਾਣ, ਮਨ ਅੰਧਾ ਨਾਉਂ ਸੁਜਾਨ'
>
> ਆਸਾ

ਜੇ ਕਰ ਮਲਕ ਭਾਗੋ ਨੇ ਬ੍ਰਹਮ ਭੋਜ ਰਚਿਆ ਅਤੇ ਆਪ ਨੂੰ ਉਸ ਦਾ ਭੋਜਨ ਖਾਣ ਲਈ ਕਿਹਾ ਤਾਂ ਉਸ ਦੇ ਮੂੰਹ ਤੇ ਕਹਿ ਦਿਤਾ ਕਿ ਤੇਰੇ ਭੋਜਨ ਵਿਚੋਂ ਗ਼ਰੀਬਾਂ ਦਾ ਲਹੂ ਸਿੰਮਦਾ ਹੈ ਮੈਂ ਕਿਸ ਤਰ੍ਹਾਂ ਖਾ ਸਕਦਾ ਹਾਂ।

ਜੇ ਬਾਬਰ ਬਾਦਸ਼ਾਹ ਨੇ ਆਪ ਨੂੰ ਕਿਹਾ ਕਿ ਮੈਨੂੰ ਭੀ ਕੋਈ

ਖਿਦਮਤ ਦਸੋ' ਤਾਂ ਆਪ ਨੇ ਸਾਫ ਜਵਾਬ ਦਿਤਾ :

'ਤੁਝ ਤੇ ਮਾਂਗੇ ਸੋ ਅਹਿਮਕ ਫਕੀਰ' (ਜਨਮ ਸਾਖੀ)

ਇਹ ਅਤੇ ਆਪ ਦੇ ਜੀਵਨ ਦੀਆਂ ਹੋਰ ਘਟਨਾਵਾਂ ਜਿਨਾਂ ਦਾ ਜ਼ਿਕਰ ਪਿਛੇ ਆ ਚੁਕਾ ਹੈ ਦਸਦੀਆਂ ਹਨ ਕਿ ਆਪ ਦਾ ਹਰ ਕਰਤਵ ਪਰਚਲਤ ਰਸਮ ਰਿਵਾਜ ਦੇ ਉਲਟ ਵਡੀ ਨਿਰਭੈਤਾ ਵਾਲਾ ਸੀ। ਆਪ ਏਤੇ ਨਿਰਭਉ ਕਿਉਂ ਸਨ ? ਆਪ ਦਾ ਨਾਮ ਪਰ ਅਥਾਹ ਭਰੋਸਾ ਸੀ ਅਤੇ ਇਹ ਦ੍ਰਿੜ ਨਿਸਚਾ ਸੀ ਕਿ

'ਜੋ ਕਿਛੁ ਵਰਤੈ ਸਭ ਤੇਰੀ ਰਜਾਇ'

ਆਪ ਕਹਿੰਦੇ ਹਨ ਕਿ ਡਰੀਏ ਤਾਂ, ਜੇ ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਕਰਨ ਵਾਲਾ ਹੋਵੇ ਤੇ ਉਸ ਦਾ ਮਨ ਵਿਚ ਡਰ ਹੋਵੇ, ਜਦੋਂ ਦੂਜਾ ਹੈ ਹੀ ਨਹੀਂ ਤਾਂ ਡਰ ਦਾ ਖਿਆਲ ਹੀ ਵਾਧੂ ਦੀ ਗੱਲ ਹੈ ਅਤੇ ਮਨ ਦੇ ਟਿਕਾਣੇ ਨਾ ਹੋਣ ਨਿਸ਼ਾਨੀ ਹੈ :

'ਡਰੀਐ ਜੇ ਡਰੁ ਹੋਵੈ ਹੋਰੁ
ਡਰਿ ਡਰਿ ਡਰਣਾ ਮਨ ਕਾ ਸੋਰੁ
ਨਾ ਜੀਉ ਮਰੈ ਨ ਡੂਬੈ ਤਰੈ
ਜਿਨਿ ਕਿਛੁ ਕੀਆ ਸੋ ਕਿਛੁ ਕਰੈ
ਹੁਕਮੇ ਆਵੈ ਹੁਕਮੇ ਜਾਇ
ਆਗੈ ਪਾਛੈ ਹੁਕਮਿ ਸਮਾਇ' (ਗਉੜੀ ਮ: ੧)

ਗੁਰੂ ਨਾਨਕ ਦੇਵ ਜੀ ਦਾ ਇਕੋ ਇਕ ਜੀਵਨ ਆਧਾਰ ਨਾਮ ਸੀ। ਆਪ ਕਹਿੰਦੇ ਹਨ, ਮੈਂ ਜਿਉਂਦਾ ਹੀ ਨਾਮ ਆਸਰੇ ਹਾਂ—'ਆਖਾ ਜੀਵਾ ਵਿਸਰੈ ਮਰ ਜਾਉ' ਅਤੇ ਨਾਮ ਵਾਲੇ ਸਾਰੇ ਗੁਣ ਆਪ ਵਿਚ ਸਨ, ਇਸੇ ਲਈ ਆਪ ਨਿਰਭਉ ਤੇ ਨਿਰਵੈਰ ਸਨ। ਆਪ ਵਾਸਤੇ ਕੋਈ ਹਿੰਦੂ ਤੇ ਕੋਈ ਮੁਸਲਮਾਨ ਜਾਂ ਕੋਈ ਬ੍ਰਹਿਮਣ ਤੇ ਕੋਈ ਸ਼ੂਦਰ ਨਹੀਂ ਸੀ। ਸਭ ਸਮਾਨ ਅਤੇ ਆਪ ਦੇ ਭਾਈ ਸਨ।

ਆਪ ਦਾ ਇਹ ਨਿਸਚਾ ਸੀ ਕਿ ਜਿਸ ਦੇਸ, ਸਮਾਜ ਜਾਂ

ਭਾਈਚਾਰੇ ਅੰਦਰ ਛੋਟੇ ਆਦਮੀਆਂ ਦੀ ਸੰਭਾਲ ਕੀਤੀ ਜਾਂਦੀ ਹੈ, ਉਸ ਉਤੇ ਵਾਹਿਗੁਰੂ ਦੀ ਮੇਹਰ ਹੁੰਦੀ ਹੈ ਅਤੇ ਜੋ ਮਨੁਖ ਆਪ ਤੋਂ ਨੀਵੇਂ ਦਾ ਦੁਖ ਦਰਦ ਵੰਡਦਾ ਹੈ ਉਸ ਦੇ ਦੁਖ ਦਰਦ ਵਾਹਿਗੁਰੂ ਹਰਦਾ ਹੈ। ਆਪ ਨੇ ਕਿਹਾ :

'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ' ਸ੍ਰੀ ਰਾਗ ਮ: ੧

ਆਪ ਦੇ ਜੀਵਨ ਦਾ ਇਹ ਖਾਸਾ ਸੀ ਕਿ ਜਿਥੇ ਭੀ ਆਪ ਨੇ ਕਿਸੇ ਲੋੜਵੰਦ, ਦੁਖੀ ਗਰੀਬ ਨੂੰ ਡਿਠਾ ਉਸ ਦੀ ਸਹਾਇਤਾ ਲਈ ਵਧ ਤੋਂ ਵਧ ਜੋ ਕਰ ਸਕਦੇ ਸਨ ਕੀਤਾ। ਛੋਟੀ ਉਮਰ ਵਿਚ ਹੀ ਜਦੋਂ ਪਿਤਾ ਨੇ ਵੀਹ ਰੁਪੈ ਸੌਦਾ ਕਰਨ ਲਈ ਦਿਤੇ ਅਤੇ ਇਸ ਕੰਮ ਜਾਂਦਿਆ ਰਸਤੇ ਵਿਚ ਭੁਖੇ ਸਾਧੂ ਵੇਖੇ ਤਾਂ ਸੌਦਾ ਖ੍ਰੀਦਨ ਵਾਸਤੇ ਮਿਲੇ ਰੁਪੈ ਉਨਾਂ ਨੂੰ ਰੋਟੀ ਖੁਆਉਣ ਤੇ ਖਰਚ ਕਰ ਦਿਤੇ। ਦੀਪਾਲ ਪੁਰ ਵੱਲ ਗਏ ਤਾਂ ਕੋਹੜੀ ਜਿਸ ਪਾਸੋਂ ਲੋਕ ਏਨੀ ਘਿਰਣਾ ਕਰਦੇ ਸਨ ਕਿ ਉਸ ਨੂੰ ਪਿੰਡੋਂ ਕਢ ਦਿਤਾ ਹੋਇਆ ਸੀ, ਦੀ ਝੁਗੀ ਅੰਦਰ ਜਾ ਵੜੇ ਅਤੇ ਆਪਣੀ ਹਥੀਂ ਉਸ ਦੀ ਸੇਵਾ ਕੀਤੀ, ਉਸ ਦਾ ਮੈਲ ਮੂਤ ਧੋਤਾ, ਨੁਹਾਇਆ ਧੁਆਇਆ ਅਤੇ ਉਸ ਦਾ ਰੋਗ ਦੂਰ ਕਰਨ ਦੇ ਸਾਰੇ ਸਾਧਨ ਕੀਤੇ। ਜੋ ਸਿਆਲਕੋਟ ਦੇ ਲੋਕਾਂ ਉਤੇ ਪੀਰ ਹਮਜਾ ਗੌਂਸ ਦੀ ਕ੍ਰੋਪੀ ਦਾ ਪਤਾ ਲਗਾ ਤਾਂ ਉਚੇਚੇ ਓਥੇ ਜਾ ਕੇ ਲੋਕਾਂ ਦਾ ਦਿਲ ਬੰਨ੍ਹਾਇਆ ਅਤੇ ਹਮਜ਼ਾ ਗੌਂਸ ਨੂੰ ਸਿਧੇ ਰਾਹ ਤੇ ਲਿਆ ਕੇ ਲੋਕਾਂ ਦਾ ਡਰ ਦੂਰ ਕੀਤਾ। ਜਦੋਂ ਬਾਬਰ ਨੇ ਭਾਰਤ ਵਿਚ ਆ ਕੇ ਗ੍ਰੀਬ ਜਨਤਾ ਨੂੰ ਲੁਟਿਆ ਮਾਰਿਆ ਤਾਂ ਆਪ ਦੇ ਦਿਲ ਨੂੰ ਵੱਡਾ ਖੇਦ ਹੋਇਆ, ਪਰ ਕੋਈ ਚਾਰਾ ਚਲਦਾ ਨਾ ਵੇਖ ਅਪਣੇ ਕਰਤਾ ਪੁਰਖ ਅਗੇ ਪੁਕਾਰ ਕੀਤੀ ਅਤੇ ਉਸ ਨੂੰ ਗਿਲੇ ਉਲਾਂਭੇ ਦੇਣ ਤੋਂ ਭੀ ਸੰਕੋਚ ਨਾ ਕੀਤਾ :

'ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦ ਨ ਆਇਆ'

ਅਤੇ ਸੈਦਪੁਰ ਵਿਚ ਹੋ ਰਹੀ ਤਬਾਹੀ ਨੂੰ ਰੋਕਣ ਵਾਸਤੇ ਆਪ ਉਸ ਬਲਦੀ ਅਗ ਅੰਦਰ ਜਾ ਵੜੇ ਅਤੇ ਦੁਖੀ ਲੋਕਾਂ ਦੀ ਸੇਵਾ ਹੀ ਨਹੀਂ

ਕੀਤੀ, ਸਗੋਂ ਬਾਬਰ ਦੇ ਕੈਦੀ ਬਣਕੇ ਉਸ ਨੂੰ ਸਿਧੇ ਰਾਹ ਲਿਆਂਦਾ ਅਤੇ ਤਬਾਹੀ ਬੰਦ ਕਰਾਈ।

ਇਹ ਅਤੇ ਅਨੇਕਾਂ ਹੋਰ ਆਪਦੀਆਂ ਜੀਵਨ ਘਟਨਾਵਾਂ ਤੋਂ ਸਤਿ ਗੁਰੂ ਜੀ ਦੀ ਮਹਾਨ ਸ਼ਖਸੀਅਤ ਉਘੜਦੀ ਹੈ ਅਤੇ ਪਤਾ ਲਗਦਾ ਹੈ ਕਿ ਆਪ ਸਮੁਚੀ ਮਨੁਖਤਾ ਦੇ ਉਧਾਰ ਤੇ ਭਲੇ ਲਈ ਸੰਸਾਰ ਤੇ ਆਏ ਸਨ ਤੇ ਸਾਰਿਆਂ ਦੇ ਸਾਂਝੇ ਸਨ। ਆਪ ਦਾ ਨਿਜੀ ਸੁਭਾ ਬੜਾ ਨਿਘਾ ਦੀਨ ਦੁਖੀ ਨੂੰ ਪਿਆਰਨ ਵਾਲਾ, ਵਡਾ ਹਲੀਮ ਤੇ ਮਿਠਾਸ ਭਰਿਆ ਸੀ। ਆਪ ਦੇ ਬੋਲ ਤੇ ਕਰਤਵ ਵਡੇ ਜਬ੍ਹੇ ਵਾਲੇ ਤੇ ਨਿਰਭੈਤਾ ਭਰੇ ਪਰ ਅਤਿ ਪਿਆਰ ਤੇ ਨਿਰਵੈਰਤਾ ਵਾਲੇ ਸਨ ਅਤੇ ਆਪ ਦਾ ਮਨ ਆਪਣੇ ਕਰਤਾ ਪੁਰਖ ਨਾਲ ਹਮੇਸ਼ਾਂ ਇਕ ਸੁਰ ਹੋਇਆ ਰਹਿੰਦਾ ਸੀ।

ਸਿਧਾਂਤ

ਸੰਸਾਰ ਵਿਚ ਕ੍ਰਾਂਤੀਕਾਰ ਅੰਦੋਲਨ ਹਮੇਸ਼ਾਂ ਹੁੰਦੇ ਆਏ, ਅਤੇ ਹੁੰਦੇ ਰਹਿਣਗੇ। ਵਿਸ਼ੇਸ਼ ਸ਼੍ਰੇਣੀਆਂ ਦੇ ਵਿਸ਼ੇਸ਼ ਆਸ਼ਿਆਂ ਨੂੰ ਸਾਮ੍ਹਣੇ ਰਖ ਕੇ ਉਠਾਏ ਅੰਦੋਲਨ ਤਾਂ ਹਰ ਦੇਸ, ਹਰ ਸਮਾਜ ਅਤੇ ਹਰ ਕਿੱਤੇ ਦੇ ਲੋਕਾਂ ਵਿਚ ਹਰ ਰੋਜ਼ ਵੇਖੇ ਜਾਂਦੇ ਹਨ, ਅਤੇ ਵਡੇਰੇ ਪੱਧਰ ਤੇ ਪਰਜਾ ਤੰਤਰੀ ਅੰਦੋਲਨ ਵੀ ਸੰਸਾਰ ਵਿਚ ਕਈ ਵਾਰ ਉਠੇ, ਜਿਨ੍ਹਾਂ ਵਿਚ ਵਰਤਮਾਨ ਸਮੇਂ ਦੇ ਇਤਿਹਾਸ ਪ੍ਰਸਿਧ ਫਰਾਂਸ ਦਾ ਨਿਪੋਲੀਅਨ ਕਾਲ ਦਾ ਅੰਦੋਲਨ, ਰੂਸ ਦਾ ਲੈਨਿਨ ਸਮੇਂ ਦਾ ਅਤੇ ਚੀਨ ਦਾ ਵਰਤਮਾਨ ਅੰਦੋਲਨ ਹਨ।

ਇਨ੍ਹਾਂ ਸਾਰਿਆਂ ਦਾ ਅਸਲ ਨਿਸ਼ਾਨਾ ਮਨੁਖੀ ਸਮਾਨਤਾ (Equality), ਸਾਂਝੀਵਾਲਤਾ (Fraternity) ਅਤੇ ਆਜ਼ਾਦੀ (Liberty) ਸਨ ਅਤੇ ਸਾਰਿਆਂ ਦੀ ਸੇਧ (ਗੋਲ) ਸਾਧਾਰਨ ਮਨੁਖ ਨੂੰ ਉਤਲੇ ਪੱਧਰ ਦੇ ਮਨੁਖ ਨਾਲ ਸਾਂਵਾਂ ਖੜਾ ਕਰਨਾ ਸੀ, ਭਾਵੇਂ ਕਈ ਤਰ੍ਹਾਂ ਦੀਆਂ ਊਨਤਾਈਆਂ ਕਾਰਨ

ਇਹ ਆਪਣੇ ਨਿਸ਼ਾਨੇ ਤੋਂ ਥਿੜਕ ਜਾਂਦੇ ਰਹੇ। ਭਾਰਤ ਵਿਚ ਭੀ ਅਜ ਸਮਾਜਕ ਸਮਾਨਤਾ (Socialism) ਦੇ ਵਿਚਾਰ ਨੂੰ ਹੀ ਉਛਾਲਿਆ ਜਾ ਰਿਹਾ ਹੈ ਅਤੇ ਦੇਸ਼ ਦੇ ਨੇਤਾ ਇਸ ਦੀ ਸੇਧ ਉਤੇ ਆਪਣੇ ਰਾਹ ਉਲੀਕਨ ਦਾ ਢੰਡੋਰਾ ਦੇਂਦੇ ਹਨ। ਪਰ ਇਨਾਂ ਸਭ ਦੀ ਸਮਾਨਤਾ ਆਰਥਕ (Economic) ਅਤੇ ਰਾਜਸੀ (Political) ਪੱਧਰ ਤਕ ਹੀ ਸੀਮਤ ਰਹੀ ਹੈ। ਅਤੇ ਇਨ੍ਹਾਂ ਦਾ ਟੀਚਾ ਇਹ ਰਿਹਾ ਹੈ ਕਿ ਦੇਸ਼ ਦਾ ਧਨ ਦੇਸ਼ ਦੀ ਜਨਤਾ ਅੰਦਰ ਇਕੋ ਜੇਹਾ ਵੰਡਿਆ ਜਾਏ ਅਤੇ ਦੇਸ਼ ਦੇ ਰਾਜ ਅਧਿਕਾਰ ਸਾਰੇ ਦੇਸ਼ ਵਾਸੀਆਂ ਨੂੰ ਇਕੋ ਜਹੇ ਹੋਣ। ਇਨ੍ਹਾਂ ਵਲੋਂ ਕੀਤੀ ਜਾਂਦੀ ਧਨ ਵੰਡ ਅਤੇ ਅਧਿਕਾਰ ਵੰਡ ਅੰਕੜਿਆਂ ਦੇ ਹਿਸਾਬ ਉਤੇ ਆਧਾਰਤ ਹੈ, ਪਰ ਅਜੇਹਾ ਕਰਦਾ ਹੋਇਆ ਭੀ ਹਰ ਕੋਈ ਇਹੋ ਸੋਚਦਾ ਹੈ ਕਿ ਮੈਂ ਕੀ ਲੈ ਸਕਦਾ ਹਾਂ, ਇਹ ਨਹੀਂ ਕਿ ਮੈਨੂੰ ਕੀ ਲੈਣਾ ਬਣਦਾ ਹੈ। ਸਭ ਦੀ ਇਛਾ ਵਧ ਤੋਂ ਵਧ ਲੈਣ ਦੀ ਹੈ, ਦੇਣਾ ਜਾਂ ਵੰਡ ਕੇ ਵਰਤਨਾ ਓਪਰੀ ਗੱਲ ਹੈ। ਸਭ ਦਾ ਸੁਭਾਓ ਪ੍ਰਾਪਤ ਕਰਨ ਵੱਨੇ ਤੁਰਦਾ ਹੈ, ਕੁਝ ਹਥੋਂ ਛਡਣ ਜਾਂ ਤਿਆਗ ਵੱਲ ਨਹੀਂ। ਇਨ੍ਹਾਂ ਕ੍ਰਾਂਤੀਆ ਨੇ ਕੇਵਲ ਇਹ ਤਬਦੀਲੀ ਲਿਆਂਦੀ ਹੈ ਕਿ ਜਿਨ੍ਹਾਂ ਦੀ ਪਹਿਲੋਂ ਖੋਹ ਮੋਹ ਕੀਤੀ ਜਾਂਦੀ ਸੀ ਹੁਣ ਉਹ ਖੋਹ ਮੋਹ ਕਰਨ ਵਾਲੇ ਬਣ ਗਏ ਹਨ (Expoited have turned exploiters) ।

ਇਕ ਹੋਰ ਵਡਾ ਅੰਦੋਲਨ ਜਿਸ ਨੂੰ ਕ੍ਰਾਂਤੀ ਨਾਲੋਂ ਸੁਧਾਰਕ ਅੰਦੋਲਨ ਕਹਿਣਾ ਵਧੇਰੇ ਠੀਕ ਹੋਵੇਗਾ ਤਕਰੀਬਨ ਗੁਰੂ ਨਾਨਕ ਦੇਵ ਦੇ ਜੀਵਨ ਕਾਲ ਅੰਦਰ ਹੀ ਯੂਰਪੀ ਦੇਸ਼ਾਂ ਵਿਚ ਹੋਇਆ, ਜਿਸ ਦਾ ਮੁਖੀ ਮਾਰਟਨ ਲੂਥਰ ਸੀ ਅਤੇ ਜੋ ਈਸਾਈ ਧਰਮ ਵਿਚ ਆਈਆਂ ਕੁਰੀਤੀਆਂ ਵਿਰੁਧ ਸੀ। ਜਿਸ ਤਰ੍ਹਾਂ ਭਾਰਤ ਅੰਦਰ ਬ੍ਰਾਹਮਣਾਂ ਨੇ ਕਈ ਤਰ੍ਹਾਂ ਦੀਆਂ ਰਸਮਾਂ ਰੀਤਾਂ ਚਾਲੂ ਕਰਕੇ ਅਤੇ ਲੋਕਾਂ ਨੂੰ ਕਰਮ ਕਾਂਡ ਦੇ ਜਾਲ ਵਿਚ ਫਸਾ ਕੇ ਧਨ ਇਕੱਠਾ ਕਰਨ ਦੀ ਜੁਗਤ ਬਣਾਈ ਹੋਈ ਸੀ

ਇਉਂ ਹੀ ਈਸਾਈ ਪਾਦਰੀ ਸ਼੍ਰੇਣੀ ਯੂਰਪੀ ਈਸਾਈ ਜਨਤਾ ਤੇ ਭਾਰੂ ਸੀ। ਮਾਰਟਨ ਲੂਥਰ ਨੇ ਪਾਦਰੀਆਂ ਦੇ ਜਾਲ ਤੋਂ ਜਨਤਾ ਨੂੰ ਉਵੇਂ ਹੀ ਮੁਕਤ ਕੀਤਾ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਜਨਤਾ ਨੂੰ ਬ੍ਰਾਹਮਣੀ ਕਰਮ ਕਾਂਡ ਤੋਂ ਆਜ਼ਾਦ ਕਰਨ ਦੇ ਯਤਨ ਕੀਤੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕ੍ਰਾਂਤੀ ਕਾਰ ਅੰਦੋਲਨ ਦਾ ਨਿਸ਼ਾਨਾ ਭੀ ਸਮਾਨਤਾ, ਸਾਂਝੀ ਵਾਲਤਾ ਤੇ ਅਜ਼ਾਦੀ ਸੀ। ਪਰ ਆਪ ਦੀ ਕ੍ਰਾਂਤੀ ਅਤੇ ਉਪਰ ਵਰਣੀਆਂ ਕ੍ਰਾਂਤੀਆਂ ਵਿਚ ਭਾਰੀ ਅੰਤਰਾ ਸੀ :

(੧) ਇਨ੍ਹਾਂ ਕ੍ਰਾਂਤੀਆਂ ਵਾਂਙ ਗੁਰੂ ਨਾਨਕ ਦੀ ਕ੍ਰਾਂਤੀ ਕਿਸੇ ਇਕ ਦੇਸ ਜਾਂ ਸਮਾਜ ਤੇ ਸੀਮਤ ਨਹੀਂ ਸੀ ਸਗੋਂ ਇਸ ਦੇ ਘੇਰੇ ਵਿਚ ਸਾਰੀ ਮਨੁਖਤਾ ਆਉਂਦੀ ਸੀ ਆਪ ਨੇ ਜੋ ਅਸੂਲ ਪ੍ਰਚਾਰੇ ਉਹ ਸਾਰੀ ਮਨੁਖਤਾ ਲਈ ਸਾਂਝੇ ਸਨ, ਉਹ ਵਖੋ ਵਖ ਦੇਸਾਂ ਲਈ ਵੱਖ ਵੱਖ ਨਹੀਂ ਸਨ ਅਤੇ ਨਾ ਸਮੇਂ ਦੇ ਬਦਲਣ ਨਾਲ ਬਦਲਦੇ ਸਨ :

'ਸਚੁ ਪੁਰਾਣਾ ਹੋਵੈ ਨਾਹੀ'

(ਵਾਰ ਰਾਮ ਕਲੀ ਮ: ੧)

(੨) ਇਨ੍ਹਾਂ ਕ੍ਰਾਂਤੀਆਂ ਦੀ ਨੀਂਹ ਖੋਹ ਮੋਹ ਦੇ ਅਸੂਲ ਤੇ ਧਰੀ ਗਈ ਹੋਈ ਹੈ ਅਰਥਾਤ ਵਡਿਆਂ ਨੂੰ ਲੁਟ ਪੁਟ ਕੇ ਕੰਗਾਲ ਕਰੋ ਅਤੇ ਗਰੀਬਾਂ ਦੇ ਸਾਵੇਂ ਬਿਠਾਓ। ਇਹ ਕ੍ਰਾਂਤੀਆਂ ਧੱਕਾ, ਜਬਰ ਸੀਨਾ ਜ਼ੋਰੀ ਉਤੇ ਉਸਰਦੀਆਂ ਸਨ, ਜਦੋਂ ਕਿ ਗੁਰੂ ਨਾਨਕ ਕ੍ਰਾਂਤੀ ਸਿਖਾਉਂਦੀ ਸੀ : 'ਘਾਲਿ ਖਾਇ ਕਿਛ ਹਥਹੁ ਦੇਹਿ' ਅਰਥਾਤ ਲੁਟ ਮਾਰ ਕਰਕੇ ਆਪਣਾ ਘਰ ਨਾ ਭਰੋ ਸਗੋਂ ਧਰਮ ਦੀ ਕਿਰਤ ਤੋਂ ਜੋ ਪ੍ਰਾਪਤ ਹੋਵੇ ਉਸ ਨੂੰ ਗਰੀਬਾਂ ਨਾਲ ਰਲ ਵੰਡੋ। ਆਪ ਦੀ ਕਰਾਂਤੀ ਦੇ ਦੋ ਵਿਸ਼ੇਸ਼ ਅੰਗ ਸਨ। (ੳ) ਕਿਸੇ ਦੀ ਕਮਾਈ ਉਤੇ ਆਪਣੇ ਮਹਿਲ ਨਾ ਉਸਾਰੋ, ਸਗੋਂ ਆਪ ਹਥੀਂ ਨੇਕ ਕਮਾਈ ਕਰੋ ਅਤੇ (ਅ) ਆਪਣੀ ਕਮਾਈ ਨੂੰ ਦੂਜਿਆਂ ਨਾਲ ਸਾਂਝਾ ਕਰੋ-'ਹਥਹੁ ਦੇ ਕੇ ਭਲਾ ਮਨਾਏ' ਅਰਥਾਤ ਇਸ ਕ੍ਰਾਂਤੀ ਅੰਦਰ ਲੈਣ ਨਾਲੋਂ ਦੇਣ ਦਾ ਵਿਚਾਰ ਪ੍ਰਧਾਨ ਸੀ।

ਗੁਰੂ ਨਾਨਕ ਦਾ ਸੋਸ਼ਲਿਜ਼ਮ ਹਰ ਮਨੁਖ ਨੂੰ ਨੇਕ ਕਮਾਈ ਦੁਆਰਾ ਧਨਾਢ ਬਣਨ ਦੀ ਆਗਿਆ ਤਾਂ ਦੇਂਦਾ ਸੀ ਪਰ ਨਾਲ ਇਹ ਭੀ ਤਾਕੀਦ ਸੀ ਕਿ ਜੋ ਲੋਕ ਕਿਸੇ ਕਾਰਨ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰਥ ਨਹੀਂ ਹੋ ਸਕੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ ਅਤੇ ਉਨ੍ਹਾਂ ਨਾਲ ਪਿਆਰ ਤੇ ਹਮਦਰਦੀ ਦਾ ਸਲੂਕ ਵਰਤਿਆ ਜਾਏ।

ਇਹ ਕ੍ਰਾਂਤੀ ਮਨੁਖੀ ਨਿਰਮਲ ਆਚਰਨ ਉਤੇ ਉਸਰਦੀ ਸੀ ਅਤੇ ਧਰਮ ਤੇ ਅਸੂਲ ਦੀ ਦ੍ਰਿੜਤਾ ਸਿਖਾਉਂਦੀ ਸੀ।

(੩) ਗੁਰੂ ਨਾਨਕ ਕ੍ਰਾਂਤੀ ਹੋਰ ਕ੍ਰਾਤੀਆਂ ਵਾਂਙ ਨਿਰਾ ਆਰਥਕ ਤੇ ਰਾਜਸੀ (Economic and Political) ਨਿਸ਼ਾਨਾ ਲੈ ਕੇ ਨਹੀਂ ਸੀ ਅਰੰਭੀ ਗਈ, ਸਗੋਂ ਇਹ ਮਨੁਖੀ ਸਮਾਨਤਾ ਅਤੇ ਭਾਈਬੰਦੀ Universal Brothe nood) ਦੇ ਅਸੂਲ ਤੇ ਉਸਰਦੀ ਸੀ। ਇਸ ਦਾ 'ਨ ਕੋਈ ਹਿੰਦੂ ਨ ਮੁਸਲਮਾਨ' ਦਾ ਹੋਕਾ ਇਹ ਦ੍ਰਿੜ ਕਰਾਉਂਦਾ ਸੀ ਕਿ ਕੋਈ ਹਿੰਦੂ ਹੋ ਜਾਂ ਮੁਸਲਮਾਨ ਉਹ ਪਹਿਲੋਂ ਇਨਸਾਨ ਹੈ ਅਤੇ ਉਸ ਲਈ ਹਰ ਮਨੁਖ ਨੂੰ ਇਨਸਾਨ ਜਾਣ ਕੇ ਉਸ ਨਾਲ ਇਨਸਾਨਾ ਵਾਲਾ ਵਰਤਾਓ ਕਰਨਾ ਜ਼ਰੂਰੀ ਹੈ।

(੪) ਜਿਥੇ ਹੋਰ ਕ੍ਰਾਂਤੀਆਂ ਆਪਣੀ ੨ ਥਾਂ ਜੁਗ ਗਰਦੀ ਲਿਆਉਣ ਲਈ ਰਾਜ ਪਲਟਾਊ ਉਕਤੀਆਂ - ਮਾਰ ਧਾੜ ਕਤਲ ਧਕੇ (Anarchy) ਦਾ ਵਾਤਾ ਵਰਨ ਪੈਦਾ ਕਰਦੀਆਂ ਅਤੇ ਇਸ ਤਰਾਂ ਭੈ ਦੇ ਕੇ ਲੋਕ ਰਾਇ ਬਦਲਦੀਆਂ ਰਹੀਆਂ ਹਨ, ਸਤਿ ਗੁਰੂ ਨਾਨਕ ਦੇਵ ਦੀ ਕ੍ਰਾਂਤੀ ਮਿਠਾਸ ਨਿੰਮਰਤਾ, ਗਰੀਬੀ ਤੇ ਪਿਆਰ ਦੇ ਹਥਿਆਰ ਵਰਤ ਕੇ ਅਤੇ ਸਚ ਦੀ ਦ੍ਰਿੜਤਾ ਰਾਹੀਂ ਮਨੁਖੀ ਸੋਚ ਵਿਚ ਪਲਟਾ ਲਿਆਉਂਦੀ ਰਹੀ। ਆਪ ਨੇ ਮਨੁਖੀ ਰਾਇ ਬਦਲਣ ਲਈ ਧੱਕੇ ਦਾ ਪ੍ਰਯੋਗ ਕਦੀ ਭੀ ਨਹੀਂ ਕੀਤਾ ਅਤੇ ਹਰ ਗੱਲ ਵਿਚ ਵਿਚਾਰ ਅਤੇ ਧੀਰਜ ਤੇ ਸਹਿਨ (Tolerance) ਨੂੰ ਪਹਿਲ ਦਿਤੀ। ਆਪ ਸਦਾ ਹੀ

ਤਾਲ ਮੇਲ ਅਤੇ ਆਪੋ ਵਿਚ ਦੀ ਵਿਚਾਰ ਵਟਾਂਦਰੇ (Approach and negotiations) ਨੂੰ ਮੁਖ ਰੱਖਦੇ ਸਨ, ਪਰ ਸਚਾਈ ਅਤੇ ਅਸੂਲ ਦੀ ਸੇਧ ਨੂੰ ਆਪ ਨੇ ਕਦੇ ਭੀ ਨਹੀਂ ਛਡਿਆ।

(੫) ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀ ਧਰਮ ਨੂੰ ਵਾਧੂ ਦੀਆਂ ਰਸਮਾਂ ਰੀਤਾਂ ਅਤੇ ਕਰਮ ਕਾਂਡ ਦੇ ਝੰਜਟ ਤੋਂ ਆਜ਼ਾਦ ਕਰਨਾ ਅਤੇ ਧਰਮ ਨੂੰ ਮਨੁਖ ਦੇ ਨਿਤਾ ਪ੍ਰਤੀ ਸਹਿਜ ਜੀਵਨ ਦਾ ਭਾਗ ਬਨਾਉਣਾ ਸੀ। ਆਪ ਇਹ ਦ੍ਰਿੜ ਕਰਾਉਣਾ ਚਾਹੁੰਦੇ ਸਨ ਕਿ ਕੁਝ ਰਸਮਾਂ ਪੂਰੀਆਂ ਕਰਨ ਜਾਂ ਨੇਮ ਨਿਬਾਹੁਣ ਦਾ ਨਾਮ ਧਰਮ ਨਹੀਂ, ਬਲਕਿ ਧਰਮ ਉਹ ਜੀਵਨ ਜੁਗਤ ਹੈ ਜਿਸ ਨੂੰ ਅਪਨਾਉਣ ਨਾਲ ਮਨੁਖ ਦਾ ਨਿਰਾ ਆਪਣਾ ਜੀਵਨ ਹੀ ਸਰਲ ਤੇ ਸੁਖੀ ਨਹੀਂ ਹੋ ਜਾਂਦਾ ਸਗੋਂ ਉਸ ਦੇ ਸੰਪਰਕ ਵਾਲੇ ਸਾਰੇ ਮਨੁਖ ਉਸ ਤੋਂ ਪ੍ਰਭਾਵਤ ਹੁੰਦੇ ਤੇ ਉਸ ਦੀ ਪਰਸੰਸਾ ਕਰਦੇ ਹਨ।

ਇਹ ਸਨ ਆਪ ਦੇ ਕ੍ਰਾਂਤੀਕਾਰ ਅੰਦੋਲਨ ਦੀਆਂ ਵਿਸ਼ੇਸ਼ਤਾਈਆਂ। ਹੁਣ ਅਸਾਂ ਵੇਖਣਾ ਹੈ ਕਿ ਆਪ ਦੀ ਕ੍ਰਾਂਤੀ ਕੇਹੜੀਆਂ ੨ ਵਿਸ਼ੇਸ਼ ਗੱਲਾਂ ਤੇ ਆਧਾਰਤ (Founded) ਸੀ:

(੧) ਸਤਿਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਸਮਾਜ ਦਾ ਜੋ ਅਧਿਐਨ ਕੀਤਾ ਉਸ ਦੀ ਤਸਵੀਰ ਆਪ ਇਕ ਸਤਰ ਵਿਚ ਇਓਂ ਖਿਚਦੇ ਹਨ:

'ਏਕ ਸਾਹਿਬ ਦੁਇ ਰਾਹ ਵਾਦ ਵਧੰਦਿਆ ਜੀਉ,

(ਧਨਾਸਰੀ ਮ: ੧)

ਭਾਵੇਂ ਸਭ ਦਾ ਸਿਰਜਨ ਹਾਰ ਤੇ ਮਾਲਕ ਇਕੋ ਹੀ ਹੈ, ਹਿੰਦੂ ਮੁਸਲਮਾਨਾਂ ਨੇ ਉਸ ਦੇ ਵਖੋ ਵਖ ਰਾਹ ਉਲੀਕੇ ਹੋਏ ਹਨ ਜਿਸ ਕਰ ਕੇ ਇਨ੍ਹਾਂ ਦੇ ਆਪਸ ਵਿਚ ਵੈਰ ਵਿਰੋਧ ਤੇ ਝਗੜੇ ਵਧੇ ਹੋਏ ਹਨ। ਰਬ ਨੂੰ 'ਵਾਹਿਦ ਲਾਸ਼ਰੀਕ, (ਇਕੋ ਇਕ ਜਿਸ ਦਾ ਕੋਈ ਸਾਨੀ ਨਹੀਂ, ਮੰਨਣ ਵਾਲੇ ਮੁਸਲਮਾਨਾਂ ਦਾ ਇਹ ਯਕੀਨ ਸੀ ਕਿ

ਹਿੰਦੂ ਕਾਫਰ ਹੈ ਅਤੇ ਰਬ ਦੀ ਦਰਗਾਹ ਅੰਦਰ ਉਸ ਨੂੰ ਢੋਈ ਨਹੀਂ ਮਿਲੇਗੀ। ਰਬੀ ਬਖਸ਼ਸ਼ ਕੇਵਲ ਹਜ਼ਰਤ ਮੁਹੰਮਦ ਉਤੇ ਯਕੀਨ ਲਿਆਉਣ ਵਾਲਿਆਂ ਨੂੰ ਹੀ ਪ੍ਰਾਪਤ ਹੋਵੇਗੀ ਅਤੇ ਹਿੰਦੂ ਰਹਿ ਕੇ ਉਹ ਇਹ ਬਖਸ਼ਸ਼ ਇਸਲਾਮੀ ਖੁਦਾ ਤੋਂ ਨਹੀ ਲੈ ਸਕਦੇ। ਇਸ ਤਰ੍ਹਾਂ ਰਬ ਬਾਰੇ ਮੁਸਲਮਾਨੀ ਯਕੀਨ ਉਸ ਦੇ ਸਾਰੀ ਉਪਜ ਦੇ ਕਰਤਾ ਅਤੇ ਇਕੋ ਇਕ(One Universal God) ਹੋਣ ਨੂੰ ਮਸ਼ਕੂਕ ਬਣਾ ਦੇਂਦਾ ਸੀ। ਇਸੇ ਤਰ੍ਹਾਂ ਹਿੰਦੂ ਅਵਤਾਰ ਸਿਧਾਂਤ ਈਸ਼ਵਰ ਨੂੰ ਬ੍ਰਹਮਾ, ਵਿਸ਼ਨੂ ਸ਼ਿਵ, ਰਾਮ, ਕ੍ਰਿਸ਼ਨ ਅਤੇ ਪਸ਼ੂ ਸ਼੍ਰੇਣੀਆਂ ਮਛ ਕਛ ਵਿਰਾਹ ਆਦਿ ਦੇ ਰੂਪਾਂ ਵਿਚ ਸੰਸਾਰ ਤੇ ਉਪਜਾ ਕੇ ਉਸ ਦੀ ਏਕਤਾ ਦੇ ਵਿਚਾਰ ਨੂੰ ਅਲੋਪ ਕਰ ਦੇਂਦਾ ਸੀ ਅਤੇ ਇਹ ਲੋਕ ਵਖੋ ਵਖ ਅਵਤਾਰਾਂ ਦੇ ਅਨੁਯਾਈ ਹੋਣ ਕਰਕੇ ਇਕ ਦੂਜੇ ਤੋਂ ਦੂਰ ਹੋ ਚੁਕੇ ਸਨ, ਜਿਸ ਦਾ ਸਿੱਟਾ ਹਿੰਦੂ ਮੁਸਲਮਾਨਾ ਵਿਚ ਅਤੇ ਹਿੰਦੂ ਹਿੰਦੂ ਵਿਚਾਲੇ ਵਾਦ ਵਿਵਾਦ ਦਾ ਵਧਣਾ ਸੀ। ਸਤਿਗੁਰੂ ਜੀ ਨੇ ਇਸ ਤਰ੍ਹਾਂ ਦੀ ਛਾਈ ਹੋਈ ਵਿਸ਼ਵਾਸ ਅਨੇਕਤਾ ਨੂੰ ਏਕਤਾ ਵਿਚ ਬਦਲ ਕੇ ਉਨ੍ਹਾਂ ਸਾਰਿਆਂ ਵਿਚਾਲੇ ਪਈਆਂ ਵਿਥਾਂ ਤੇ ਵਿਤਕਰੇ ਹਟਾਉਣ ਲਈ ਵਡੀ ਦ੍ਰਿੜਤਾ ਨਾਲ ਕਿਹਾ :'ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ,' ਅਤੇ ਇਸ ਖਿਆਲ ਨੂੰ ਹੋਰ ਨਿਸਚੇ ਜਨਕ ਬਨਾਉਣ ਲਈ ਹਿੰਦੂ ਵਿਸ਼ਵਾਸ਼ ਵਾਲੇ ਓ.. ਦੇ ਮੁਢ ਵਿਚ '੧' ਦਾ ਹਿੰਦਸਾ ਲਗਾ ਕੇ ਸਰਬ ਵਿਆਪਕ ਇਕੋ ..ਕ ਹੋਂਦ'੧ੳ'(One Universal God) ਦਾ ਹੋਕਾ ਦਿਤਾ ਅਤੇ ਸਭ ਨੂੰ ਦ੍ਰਿੜ ..ਰਾਇਆ ਕਿ ਕੋਈ ਹਿੰਦੂ ਹੈ ਜਾਂ ਮੁਸਲਮਾਨ, ਸਾਰੇ ਉਸ ਇਕੋ ਸਿਰਜਨ ਹ.. ਦੇ ਪੈਦਾ ਕੀਤੇ ਹੋਏ ਹਨ, ਉਸ ਨੇ ਸਭ ਨੂੰ ਇਕੋ ਜੇਹਾ ਸਰੂਪ ਦਿਤਾ ਹੈ ਅ.. ਹਰ ਇਕ ਨੂੰ ਆਪਨੀਆ ਅਮੁਲ ਬਖਸ਼ਸ਼ਾ ਹਵਾ ਪਾਣੀ ਅਗ ਚੰਦ ਸੂਰਜ ਆਦਿ ਦਾ ਪਾਤਰ ਬਣਾਇਆ ਹੈ। ਜਨਮ ਕਰਕੇ ਕੋਈ ਵਡਾ ਛੋਟਾ ਨਹੀਂ, ਸਾਰੇ ਸਮਾਨ ਹਨ। ਆਪ ਨੇ ਕਿਹਾ :

'ਜਾਤਿ ਜਨਮੁ ਨਹ ਪੂ..ੀਐ ਸਚ ਘਰੁ ਲੇਹੁ ਬਤਾਇ

ਸਾ ਜਾਤਿ ਸਾ ਪਾਤ ਹੈ ਜੇਹੇ ਕਰਮ ਕਮਾਇ,'

ਹਿੰਦੂ ਵਰਣ ਵੰਡ, ਬ੍ਰਹਿਮਣ ਖਤਰੀ ਆਦਿ ਦਾ ਊਚ ਨੀਚ ਵਾਲਾ ਵਿਚਾਰ ਵਿਅਰਥ ਤੇ ਫਜ਼ੂਲ ਹੈ:

'ਫਕੜ ਜਾਤੀ ਫਕੜੁ ਨਾਉ'
ਸਭਨਾ ਜੀਆ ਇਕਾ ਛਾਉ,

ਅਰਥਾਤ ਸਾਰੇ ਜੀਵਾਂ ਨੂੰ ਆਸਰਾ ਇਕੋ ਇਕ ਵਾਹਿਗੁਰੂ ਦਾ ਹੈ: ਕਿਸੇ ਦਾ ਨਾਮ ਹਿੰਦੂ ਤੇ ਕਿਸੇ ਦਾ ਮੁਸਲਮਾਨ ਜਾਂ ਕਿਸੇ ਨੂੰ ਬ੍ਰਹਿਮਣ ਤੇ ਤੇ ਕਿਸੇ ਨੂੰ ਸ਼ੂਦਰ ਕਹਿਣਾ ਨਿਰਾ ਫਕੜ ਤੋਲਨਾ ਹੀ ਹੈ।

ਜਿਸ ਇਕੋ ਇਕ (ਵਾਹਿਦ ਲਾਸ਼ਰੀਕ) ਵਾਹਿਗੁਰੂ ਦੀ ਹੋਂਦ ਓਹ ਸਾਰੀ ਮਨੁਖਤਾ ਨੂੰ ਦ੍ਰਿੜ ਕਰਾਉਂਦੇ ਸਨ ਓਹ 'ਘਟਿ ਅਵਘਟਿ ਰਵਿਆ ਸਭ ਥਾਈਂ' ਸੀ। ਓਹ ਹਿੰਦੂ ਵਿਚ ਵੀ ਸੀ ਅਤੇ ਮੁਸਲਮਾਨ ਵਿਚ ਭੀ। ਆਪ ਕਹਿੰਦੇ ਸਨ 'ਸਭ ਮਹਿ ਜੋਤਿ ਜੋਤਿ ਹੈ ਸੋਇ'। ਓਹ ਇਹ ਨਹੀਂ ਸਨ ਕਹਿੰਦੇ ਕਿ ਰਬ ਮੁਸਲਮਾਨ ਨੂੰ ਹੀ ਪਿਆਰ ਕਰਦਾ ਤੇ ਉਸਦੇ ਹੀ ਗੁਨਾਹ ਬਖਸ਼ਦਾ ਹੈ, ਨ ਹਿੰਦੂ ਬਾਰੇ ਉਨ੍ਹਾਂ ਦਾ ਇਹ ਵਿਚਾਰ ਸੀ। ਓਹ ਕਹਿੰਦੇ ਸਨ ਕਿ ਓਹ ਇਕੋ ਹੈ ਤੇ ਸਭ ਦਾ ਸਾਂਝਾ ਹੈ। ਮਨੁਖ ਭਾਵੇਂ ਕਿਸੇ ਵਿਚਾਰ ਧਾਰਾ ਨੂੰ ਅਪਨਾਉਂਦਾ ਹੋਵੇ ਜੇ ਕਰ ਉਸਦੇ ਕੰਮ ਚੰਗੇ ਹਨ ਉਸ ਦੇ ਦਰਬਾਰ ਵਿਚ ਪ੍ਰਵਾਣ ਹੋ ਸਕਦਾ ਹੈ। ਗੁਰੂ ਨਾਨਕ ਦਾ ਦਸਿਆ ਰਬ ਕੀਨਾ ਰਹਿਤ (ਨਿਰਵੈਰ) ਹੈ ਅਤੇ ਸਭ ਨਾਲ ਇਕ ਜੈਸਾ ਵਰਤਾਉ ਕਰਨ ਵਾਲਾ ਹੈ। ਮਨੁਖਾਂ ਦੀ ਦਸ਼ਾ ਅੰਦਰ ਜੋ ਫਰਕ ਹੈ ਉਸਦਾ ਕਾਰਨ ਮਨੁਖ ਦੇ ਅਪਨੇ ਚੰਗੇ ਮੰਦੇ ਕੰਮ ਹਨ, ਜਿਨ੍ਹਾਂ ਦੇ ਕਰਨ ਲਈ ਰਬ ਨੇ ਉਸ ਨੂੰ ਆਜ਼ਾਦ ਬਣਾਇਆ ਹੈ ਅਤੇ ਜਿਨ੍ਹਾਂ ਲਈ ਮਨੁਖ ਜ਼ਿਮੇਵਾਰ ਹੈ।

ਫਿਰ ਰਬ ਕੋਈ ਵਖਰੀ (objective) ਹੋਂਦ ਨਹੀਂ, ਬਲਕਿ ਓਹ ਸਾਰੀ ਰਚਨਾ ਵਿਚ ਇਕ ਸਾਰ ਸਮਾਇਆ ਹੋਇਆ ਹੈ

'ਸਰਬ ਜੋਤਿ ਤੇਰੀ ਪਸਰਿ ਰਹੀ–ਜਹ ਜਹ ਦੇਖਾ ਤਹ ਨਰ ਹਰੀ' ਅਤੇ
'ਵਿਣੁ ਨਾਵੈ ਨਾਹੀ ਕੋ ਥਾਉ'

(੨) ਆਪਸ ਵਿਚ ਪਈਆਂ ਵਿਥਾਂ ਤੇ ਵਿਤਕਰੇ ਮਿਟਾਉਣ ਲਈ ਦੂਜੀ ਗੱਲ ਜੋ ਸਤਿਗੁਰਾਂ ਨੇ ਕਹੀ ਓਹ ਇਹ ਸੀ ਕਿ ਸਭ ਦਾ ਜਨ[illegible] ਦਾਤਾ ਬਾਪ ਇਕੋ ਸਿਰਜਨਹਾਰ ਵਾਹਿਗੁਰੂ ਹੋਣ ਕਰਕੇ ਅਸੀਂ ਸਾ[illegible] ਉਸ ਇਕ ਦੇ ਪੁਤਰ ਹਾਂ ਜਿਸ ਲਈ ਸਾਰੇ ਮਨੁਖ, ਭਾਵੇਂ ਕਿਸੇ ਦੇਸ ਰਹਿਣ ਵਾਲੇ ਜਾਂ ਕਿਸੇ ਰੰਗ ਅਤੇ ਸ਼ਕਲ ਦੇ ਹਨ ਆਪੋ ਵਿਚ ਭਰ[illegible] ਹਨ। ਦੇਸ ਤੇ ਰੰਗ ਦੇ ਵਿਤਕਰੇ ਮਨੁਖਾਂ ਦੇ ਆਪਣੇ ਪਾਏ ਹੋਏ ਹਨ ਇਹ ਸਾਰੇ ਇਕੋ ਸਾਂਝੀ ਭਾਈਬੰਦੀ (Universal Brotherhood ਦੇ ਅੰਗ ਹਨ, ਇਨਾਂ ਦਾ ਰਹਿਣ ਸਹਿਣ ਇਕੋ ਟੱਬਰ ਦੇ ਜੀਆਂ ਵ[illegible] ਇਕ ਦੂਜੇ ਦੇ ਪਰਨੇ ਹੈ। ਇਸ ਖਿਆਲ ਨੂੰ ਅਮਲੀ ਰੂਪ ਦੇਣ ਲ[illegible] ਆਪ ਨੇ ਸੰਗਤ (Congregational Sitting) ਅਤੇ ਪੰਗ[illegible] (Community kitchen) ਦੇ ਆਸ਼ਰਮ ਅਰੰਭੇ। ਜਿਥੇ ੨ ਆ[illegible] ਗਏ ਸੰਗਤਾਂ ਕਾਇਮ ਕੀਤੀਆਂ ਅਤੇ ਬਾਦ ਵਿਚ ਇਕਠੇ ਬੈਠ ਕੇ ਖਾ[illegible] ਦੀ ਪਿਰਤ ਪਾਈ। ਇਨ੍ਹਾਂ ਦੋਹਾਂ ਆਸ਼ਰਮਾਂ ਸੰਗਤ ਤੇ ਪੰਗਤ ਨੂੰ ਗੁ[illegible] ਘਰ ਵਿਚ ਅਜ ਵੀ ਮਹੱਤਤਾ ਪ੍ਰਾਪਤ ਹੈ। ਗੁਰੂ ਘਰ ਦੇ ਜੋੜ ਮੇਲਿ[illegible] ਵਿਚ ਰਾਣਾ ਰੰਕ, ਊਚ ਨੀਚ, ਦੇਸ ਪਰਦੇਸ ਵਾਸੀ ਅਤੇ ਕਾਲੇ [illegible] ਇਕੋ ਸੰਗਤ ਵਿਚ ਰਲ ਬੈਠਦੇ ਹਨ ਅਤੇ ਇਕੋ ਪੰਗਤ ਵਿਚ ਰਲ ਖਾ[illegible] ਹਨ ਅਤੇ ਇਨ੍ਹਾਂ ਆਸ਼ਰਮਾਂ ਨੂੰ ਗੁਰੂ ਕੀ ਸੰਗਤ ਤੇ ਗੁਰੂ ਕਾ ਲੰਗ[illegible] [illegible]ਂਦਾ ਹੈ।

[illegible]therhood) ਦੇ ਵਿਚਾਰ ਹੋਰ ਦ[illegible]
ਸਤਿਗੁਰੂ ਜੀ ਨੇ ਪਰਮੇਸ਼ਵਰ
ਰੂਪ ਦਿਤਾ। ਆਪ ਦੀਆਂ ਸੰਗ[illegible]
ਸਨ ਬਲਕਿ ਪ੍ਰਭੂ ਪ੍ਰਾਪਤੀ ਅਤੇ ਧ[illegible]
ਕੇਂਦਰ ਭੀ ਸੰਗਤਾਂ ਹੀ ਸਨ। [illegible]

ਵਿਚਾਰ ਧਾਰਾ ਪ੍ਰਭੂ ਪ੍ਰਾਪਤੀ ਲਈ ਵਿਅਕਤੀਗਤ ਸਾਧਨ ਨੂੰ ਹੀ ਮਹੱਤਤਾ ਦੇਂਦੀ ਸੀ। ਹਰ ਮਨੁਖ ਨਿਜੀ ਤੌਰ ਆਪਣੇ ਇਸ਼ਟ ਦੀ ਆਰਾਧਨਾ ਕਰਦਾ ਸੀ, ਇਸ਼ਟ ਭੀ ਆਪੋ ਆਪ ਸਨ ਇਸ ਲਈ ਸੰਗਤੀ ਆਰਾਧਨਾ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਹਰ ਕੋਈ ਆਪਣਾ ਜੀਵਨ ਇਸ਼ਟ ਪ੍ਰਾਇਨ ਕਰਨ ਲਈ ਇਕਾਂਤ ਭਾਲਦਾ, ਅਤੇ ਘਰ ਬਾਰ ਤੇ ਹੋਰ ਸਮਾਜਕ ਸਥਾਨ ਛਡ ਕੇ ਜੰਗਲਾਂ ਤੇ ਪਹਾੜਾਂ ਦੀਆਂ ਗੁਫਾਂ ਦੀ ਇਕੱਲ ਵਿਚ ਵਾਸਾ ਕਰਦਾ। ਸਿਧ ਤੇ ਜੋਗੀ ਲੋਕ ਇਸੇ ਲਈ ਘਰ ਬਾਰ ਛਡ ਜਾਂਦੇ। ਇਹ ਵਿਚਾਰ ਲੋਕਾਂ ਵਿਚ ਏਨਾਂ ਸਤਕਾਰਿਆ ਗਿਆ ਹੋਇਆ ਸੀ ਕਿ ਘਰ ਬਾਰ ਛਡ ਜਾਣ ਵਾਲਾ ਹਰ ਮਨੁਖ ਭਾਵੇਂ ਉਹ ਕੋਈ ਵਿਸ਼ੇਸ਼ ਗੁਣ ਨ ਭੀ ਰਖਦਾ ਹੋਵੇ ਆਮ ਜਨਤਾ ਦੇ ਸਤਕਾਰ ਦਾ ਪਾਤਰ ਹੋ ਜਾਂਦਾ, ਜਿਸ ਗੱਲ ਨੇ ਲੋਕਾਂ ਵਿਚ ਅਜੇਹੇ ਨਾਮ ਧ੍ਰੀਕ ਸਾਧਾਂ ਸੰਤਾ ਦੀ ਮਾਨ ਪਰਤਿਸ਼ਠਾ ਵਧਾ ਦਿਤੀ ਹੋਈ ਸੀ।

ਸਤਿਗੁਰੂ ਜੀ ਨੇ ਸੰਗਤ ਵਿਚ ਜੁੜ ਕੇ ਹਰੀ ਜਸ ਗਾਉਣ (ਕੀਰਤਨ) ਅਤੇ 'ਵਡਿਆਈ ਵੀਚਾਰੁ' ਦੁਆਰਾ ਵਾਹਿਗੁਰੂ ਵਿਚ ਲਿਵਲੀਨ ਹੋਣ ਨੂੰ ਪ੍ਰਭੂ ਪ੍ਰਾਪਤੀ ਦਾ ਮੁਖ ਸਾਧਨ ਦਸਿਆ, ਬਲਕਿ ਵਡੀ ਦ੍ਰਿੜਤਾ ਨਾਲ ਕਿਹਾ ਕਿ ਪ੍ਰਭੂ ਵਸਦਾ ਹੀ ਸੰਗਤ ਵਿਚ ਹੈ, ਇਸ ਲਈ ਸੰਗਤ ਵਿਚ ਜੁੜਨਾ ਅਤੇ ਉਥੇ ਜੁੜੇ ਮਨੁਖਾਂ ਦੀ ਸੇਵਾ ਕਰਨਾ ਪ੍ਰਭੂ ਨੂੰ ਖੁਸ਼ ਕਰਨ ਦਾ ਅਸਲ ਰਸਤਾ ਹੈ।

(੪) ਹਰ ਮਨੁਖ ਲਈ ਪਹਿਲੀ ਸੰਗਤ ਉਸ ਦੇ ਟੱਬਰ ਦੇ ਆਪਣੇ ਜੀਅ ਹਨ। ਜੋ ਮਨੁਖ ਇਸ ਸੰਗਤ ਤੋਂ ਭਜ ਜਾਣਾ ਚਾਹੁੰਦਾ ਹੈ, ਉਹ ਹੋਰ ਕਿਸੇ ਸੰਗਤ ਵਿਚ ਕਿਵੇਂ ਜੁੜੇਗਾ ? ਸਮੇਂ ਦੀਆਂ ਪਰਚੱਲਤ ਵਿਚਾਰਧਾਰਾਂ ਭਾਵੇਂ ਉਹ ਹਿੰਦੂ ਮਤ ਦੀਆਂ ਵਖ ਵਖ ਸ਼੍ਰੇਣੀਆਂ ਸਨ, ਭਾਵੇਂ ਸੂਫੀ ਮੁਸਲਮਾਨ ਜਾਂ ਭਗਤੀ ਲਹਿਰ ਤੇ ਭਾਵੇਂ ਗੋਰਖ ਮਤੀ ਜੋਗੀ, ਹਰ ਇਕ ਇਸ ਵਿਚਾਰ ਦਾ

ਅਨੁਯਾਈ ਸੀ ਕਿ ਆਪਣੇ ਇਸ਼ਟ ਨੂੰ ਮਿਲਣ ਤਥਾ ਮੁਕਤਿ ਪ੍ਰਾਪਤੀ ਲਈ ਘਰ ਬਾਰ ਦਾ ਤਿਆਗ ਜ਼ਰੂਰੀ ਹੈ । ਸੰਸਾਰ ਅਤੇ ਇਸ ਦੇ ਪਦਾਰਥ ਨਾਸਵੰਤ ਹਨ, ਪਰ ਇਨ੍ਹਾਂ ਦੀ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਲੀ ਲਾਲਸਾ ਏਨੀ ਜ਼ਬਰਦਸਤ ਹੈ ਕਿ ਇਨ੍ਹਾਂ ਵਿਚ ਰਹਿ ਕੇ ਮਨੁਖ ਆਪਣੇ ਇਸ਼ਟ ਦੀ ਆਰਾਧਨਾ ਨਹੀਂ ਕਰ ਸਕਦਾ, ਇਸ ਲਈ ਮੁਕਤਿ ਪ੍ਰਾਪਤੀ ਲਈ ਗ੍ਰਹਿਸਥ ਅਤੇ ਇਸਤਰੀ ਦਾ ਤਿਆਗ ਅਤਿਅੰਤ ਜ਼ਰੂਰੀ ਹੈ । ਅਜੇਹੇ ਵਿਚਾਰਾਂ ਦੇ ਪ੍ਰਭਾਵ ਸਦਕਾ ਹੀ ਸੀ ਕਿ ਜਦੋਂ ਸਤਿਗੁਰੂ ਨਾਨਕ ਦੇਵ ਜੀ ਸ਼ੇਖ਼ ਬ੍ਰਹਮ ਫਰੀਦ ਸਾਨੀ-ਨੂੰ ਪਾਕਪਟਨ ਵਿਚ ਮਿਲੇ ਤਾਂ ਜੋ ਸੂਚਨਾ ਉਸ ਨੇ ਗੁਰੂ ਜੀ ਨੂੰ ਦਿਤੀ ਉਹ ਜਨਮ ਸਾਖੀ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਸੀ ।

'ਅਕੈ ਤਾ ਲੋੜ ਮੁਕਦਮੀ ਅਕੈ ਤਾ ਅਲਹੁ ਲੋੜ
ਦੋਹੀਂ ਬੇੜੀਂ ਨ ਲਤ ਧਰ ਮਤ ਵੰਞਹੁ ਵਖਰ ਬੋੜ'

ਗੁਰੂ ਜੀ ਨੇ ਇਸ ਦਾ ਉਤਰ ਦਿਤਾ :

'ਦੋਹੀਂ ਬੇੜੀਂ ਲਤ ਧਰ ਦੋਹੀਂ ਵਖਰ ਚਾੜ,
ਕੋਈ ਬੇੜੀ ਡੁਬਸੀ, ਕੋਈ ਲੰਘੇ ਪਾਰ'

ਸ਼ੇਖ਼ ਬ੍ਰਹਮ ਨੇ ਫਿਰ ਕਿਹਾ :

ਫਰੀਦਾ ਚੂੜੇਲੀ ਸਿਉਂ ਰਤਿਆਂ ਦੁਨੀਆਂ ਕੂੜਾ ਹੇਤ
ਹੇ ਨਾਨਕ ਅਖੀਂ ਵੇਖਦਿਆਂ ਉਜੜ ਵੰਞੈ ਖੇਤ

ਜਿਸ ਦਾ ਉਤਰ ਸਤਿਗੁਰਾਂ ਦਿਤਾ :

ਫਰੀਦਾ ਧੁਰਹੁੰ ਧੁਰਹੁੰ ਹੁੰਦਾ ਆਇਆ ਚੁੜੇਲੀ ਸਿਉਂ ਹੇਤ,
ਨਾਨਕ ਖੇਤ ਨ ਉਜੜੇ ਜੇ ਰਾਖਾ ਰਹੇ ਸੁਚੇਤ ।

ਜਦੋਂ ਸਤਿਗੁਰੂ ਜੀ ਦਾ ਗੋਰਖ ਮਤੀ ਸਿਧਾਂ ਨਾਲ ਵਿਚਾਰ ਵਟਾਂਦ ਹੋਇਆ ਤਾਂ ਉਨ੍ਹਾਂ ਭੀ ਆਪ ਤੇ ਅਜੇਹਾ ਪ੍ਰਸ਼ਨ ਹੀ ਕੀਤਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਉਨ੍ਹਾਂ ਆਪ ਨੂੰ ਪੁਛਿਆ

ਕਿ ਤੁਸਾਂ ਦੁਧ ਵਿਚ ਕਾਂਜੀ ਕਿਉਂ ਪਾ ਦਿਤੀ ਹੈ। ਜਿਸ ਦਾ ਭਾਵ ਸੀ ਕਿ ਈਸ਼ਵਰੀ ਭਗਤੀ ਅਤੇ ਦੁਨੀਆਂ ਦਾਰੀ ਜੀਵਨ ਦਾ ਆਪੋ ਵਿਚ ਮੇਲ ਸੰਭਵ ਨਹੀਂ । ਪ੍ਰਭੂ ਭਗਤੀ ਅੰਦਰ ਇਸਤਰੀ, ਬਚਿਆਂ ਅਤੇ ਪਦਾਰਥ ਦਾ ਮੋਹ ਦੁਧ ਵਿਚ ਕਾਂਜੀ ਦੀ ਨਿਆਈਂ ਹੈ ਜੋ ਦੁਧ ਨੂੰ ਭੀ ਫਿਟਾ ਦੇਂਦੀ ਹੈ । ਸਤਿਗੁਰੂ ਜੀ ਨੇ ਜੋਗੀਆਂ ਪ੍ਰਤੀ ਉਤਰ ਵਿਚ ਕਿਹਾ ਸੀ :

'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ'

ਅਰਥਾਤ ਮੋਹ ਮਾਇਆ ਦੀ ਕਾਲਖ ਵਿਚ ਰਹਿੰਦੇ ਹੋਏ ਇਸ ਤੋਂ ਨਿਰਲੇਪ ਰਹੀਏ ਤਾਂ ਹੀ ਜੋਗ ਦੀ ਅਸਲ ਜੁਗਤੀ ਪਾਈ ਸਮਝਣੀ ਚਾਹੀਦੀ ਹੈ । ਇਸ ਨੂੰ ਹੋਰ ਸਪਸ਼ਟ ਕਰਨ ਲਈ ਗੁਰੂ ਜੀ ਨੇ ਦੋ ਮਿਸਾਲਾਂ ਦੇ ਕੇ ਉਹਨਾਂ ਨੂੰ ਸਮਝਾਇਆ ਸੀ ਕਿ ਜਿਸ ਤਰ੍ਹਾਂ ਕੌਂਵਲ ਪਾਣੀ ਵਿਚ ਰਹਿੰਦਾ ਹੋਇਆ ਪਾਣੀ ਤੋਂ ਨਿਰਲੇਪ ਰਹਿੰਦਾ ਹੈ ਜਾਂ ਜਿਸ ਤਰਾਂ ਮੁਰਗਾਈ ਪਾਣੀ ਵਿਚ ਤਰਦੀ ਹੋਈ ਭੀ ਭਿਜਦੀ ਨਹੀਂ ਇਉਂ ਹੀ ਮਨੁਖ ਗ੍ਰਿਹਸਥ ਦੇ ਸਾਰੇ ਧੰਧੇ ਨਿਜਿਠਦਾ ਹੋਇਆ ਆਪਣੀ ਸੁਰਤ ਨੂੰ ਵਾਹਿਗੁਰੂ ਵਿਚ ਜੋੜ ਕੇ ਰਖੇ ਤੇ ਪਦਾਰਥਾਂ ਦੇ ਪਿਆਰ ਵਿਚ ਖਚਤ ਨ ਹੋਵੇ :

'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ'

ਘਰ ਬਾਰੀ ਜੀਵਨ ਅੰਦਰ ਪ੍ਰਭੂ ਪ੍ਰਾਪਤੀ ਦੇ ਰਾਹ ਵਿਚ ਜੋ ਅਓਖ ਸ਼ੇਖ ਬ੍ਰਹਮ ਨੂੰ, ਸਿਧ ਜੋਗੀਆਂ ਨੂੰ ਅਤੇ ਸਮੇਂ ਦੇ ਹੋਰ ਧਰਮ ਸੰਚਾਲਕਾਂ ਨੂੰ ਪ੍ਰਤੀਤ ਹੁੰਦਾ ਸੀ ਉਸ ਦਾ ਹੱਲ ਸਤਿਗੁਰਾਂ ਨੇ ਸਤਿ-ਸੰਗਤ ਅਤੇ ਹਰੀ ਕੀਰਤਨ ਵਿਚ ਲਭਿਆ ਸੀ । ਮਨੁਖ ਦੇ ਸਤਿਸੰਗੀ ਜੀਵਨ ਦਾ ਮੁਢ ਉਸ ਦੇ ਆਪਣੇ ਟਬੱਰ ਤੋਂ ਹੀ ਬਝਦਾ ਹੈ । ਸੰਗਤ ਵਿਚ ਗਾਇਆ ਹਰੀ ਜਸ ਅਤੇ ਕੀਤਾ ਹਰੀ ਦੀਆਂ ਵਡਿਆਈਆਂ ਦਾ ਵਿਚਾਰ ਮਨੁਖ ਦੀ ਸੁਰਤ ਨੂੰ ਵਾਹਿਗੁਰੂ ਵਿਚ ਜੋੜਦਾ ਅਤੇ ਸੰਸਾਰੀ ਮੋਹ ਮਮਤਾ ਤੋਂ ਨਿਰਲੇਪ ਕਰਦਾ ਹੈ । ਇਸ

ਦਾ ਅਮਲੀ ਸਬੂਤ ਦੇਣ ਲਈ ਸਤਿਗੁਰੂ ਜੀ ਨੇ ਪੂਰਨ ਗ੍ਰਹਿਸਥੀ ਜੀਵਨ ਬਤੀਤ ਕੀਤਾ। ਅਠਾਈ ਸਾਲ ਦੇ ਮੁਢਲੇ ਗ੍ਰਹਸਥੀ ਜੀਵਨ ਪਿਛੋਂ ਜਦੋਂ ਆਪ ਨੇ ਆਪਣਾ ਸੰਦੇਸ਼ ਦੇਣ ਲਈ ਦੇਸ ਪਰਦੇਸਾਂ ਦਾ ਰਟਨ ਕੀਤਾ, ਤਦ ਭੀ ਹਰ ਉਦਾਸੀ ਪਿਛੋਂ ਆਪ ਆਪਣੇ ਪ੍ਰਵਾਰ ਵਿਚ ਆਕੇ ਟਿਕਦੇ ਰਹੇ। ਜਦੋਂ ਆਪ ਪ੍ਰਦੇਸ ਯਾਤਰਾ ਤੋਂ ਵੇਹਲੇ ਹੋਏ ਤਾਂ ਕਰਤਾਰ ਪੁਰ ਵਿਚ ਲਗਾਤਾਰ ਪੰਦਰਾ ਸਾਲ ਗ੍ਰਹਿਸਥੀ ਜੀਵਨ ਬਿਤਾਇਆ ਇਸ ਸਮੇਂ ਆਪ ਦਾ ਪ੍ਰਵਾਰ ਇਸਤਰੀ ਬਚੇ ਆਪ ਦੇ ਪਾਸ ਰਹੇ। ਆਪ ਨੇ ਇਥੇ ਖੇਤੀ ਦਾ ਕੰਮ ਅਰੰਭਿਆ ਅਤੇ ਆਪਣੀ ਘਾਲ ਕਮਾਈ ਤੋਂ ਹੋਈ ਪੈਦਾਵਾਰ ਨੂੰ ਆਪਣੇ ਪ੍ਰਵਾਰ ਅਤੇ ਆਏ ਗਏ ਸਾਧ ਸੰਤ ਤੇ ਸਿਖ ਸੰਗਤਾਂ ਨਾਲ ਰਲ ਵੰਡਿਆ। ਆਪ ਦਾ ਕਰਤਾਰ ਪੁਰ ਅੰਦਰ ਚਲਾਇਆ ਪਹਿਲਾ ਲੰਗਰ ਸੀ ਜਿਸ ਤੋਂ ਗੁਰੂ ਕੇ ਲੰਗਰ ਦੀ ਪਿਰਤ ਪਈ ਅਤੇ ਸਿਖ ਸੰਗਤ ਅਤੇ ਪੰਗਤ ਦਾ ਮੁਢ ਬਝਾ।

(ਪ) ਗ੍ਰਹਿਸਥ ਦੇ ਤਿਆਗ ਅਤੇ ਦੁਨੀਆਵੀ ਧੰਧਿਆਂ ਵਲੋਂ ਬੇ ਲਾਗ ਹੋਣ ਪਿਛੇ ਇਕ ਦਲੀਲ ਇਹ ਦਿਤੀ ਜਾਂਦੀ ਸੀ ਕਿ ਦੁਨੀਆਵੀ ਪਦਾਰਥ ਤੇ ਇਨ੍ਹਾਂ ਦੇ ਭੋਗ ਖਿਨ ਭੰਗਰ ਹਨ, ਇਸ ਲਈ ਇਨ੍ਹਾਂ ਦਾ ਤਿਆਗ ਅਤੇ ਮਨੁਖੀ ਖਾਹਸ਼ਾ ਨੂੰ ਮਾਰ ਦੇਣਾ ਹੀ ਆਤਮਕ ਉਚਤਾ ਪ੍ਰਾਪਤੀ ਦਾ ਅਸਲ ਰਸਤਾ ਹੈ। ਖਾਹਸ਼ਾਂ ਨੂੰ ਮਾਰਨ ਲਈ ਕਈ ਤਰ੍ਹਾਂ ਦੀਆਂ ਸਰੀਰਕ ਕਿਰਿਆਂ ਕੀਤੀਆਂ ਜਾਂਦੀਆਂ ਯਥਾ ਜੋਗ ਅਭਿਆਸ, ਆਸਨ, ਨਿਉਲੀ ਕਰਮ, ਤੀਰਥ ਗਵਨ ਤੇ ਇਸ਼ਨਾਨ ਵਰਤ ਤੇ ਨੇਮ ਨਿਬਾਹੁਣੇ, ਸਰੀਰ ਨੂੰ ਪਾਣੀ ਜਾਂ ਬਰਫ ਵਿਚ ਖੜਾ ਰਖ ਕੇ ਜਾਂ ਚਾਰੇ ਪਾਸੇ ਧੂਣੀਆਂ ਧੁਮਾ ਕੇ ਸਾਧਨਾ, ਨੰਗੇ ਪੈਰੀਂ ਧਰਤੀ ਦਾ ਰਟਨ, ਭੁਖੇ ਰਹਿਣਾ ਅਤੇ ਕਲਵਤਰ ਹੇਠ ਸਰੀਰ ਨੂੰ ਦੋ ਫਾੜ ਕਰਾਉਣਾ।

ਸਮੇਂ ਦੀ ਵਿਚਾਰ ਧਾਰਾ, ਭਾਵੇਂ ਉਹ ਹਿੰਦੂ ਭਗਤੀ ਲਹਿਰ ਦੇ ਰੂਪ

ਵਿਚ ਸਾਮਣੇ ਆਈ, ਅਤੇ ਭਾਵੇਂ ਸੂਫੀ ਮੁਸਲਮਾਨਾਂ ਜਾਂ ਗੋਰਖ ਮਤ ਦੇ ਯੋਗੀਆਂ ਰਾਹੀਂ, ਇਸ ਗੱਲ ਤੇ ਜ਼ੋਰ ਦੇਂਦੀ ਸੀ ਕਿ ਸੰਸਾਰ ਨਾਸਵੰਤ ਹੈ ਅਤੇ ਮਨੁਖਾ ਜਨਮ ਦੁਖਾਂ ਦਾ ਘਰ ਹੈ ਇਸ ਤੋਂ ਬਚਨਾ ਹੀ ਠੀਕ ਹੈ, ਇਸੇ ਖਿਆਲ ਦੇ ਪ੍ਰਭਾਵ ਹੇਠ ਫਰੀਦ ਜੀ ਨੇ ਕਿਹਾ ਸੀ :

ਫਰੀਦਾ ਜਿ ਦਿਹਿ ਨਾਲ੍ਹਾ ਕਪਿਆ ਜੇ ਗਲੁ ਕਪਹਿ ਚੁਖ,
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।

'ਚੰਗਾ ਹੁੰਦਾ ਜੇ ਕਰ ਮੇਰੀ ਮਾਂ ਜਨਮ ਸਮੇਂ ਨਾੜੂਆ ਕਟੱਣ ਦੀ ਬਜਾਏ ਮੇਰਾ ਗਲਾ ਕਟ ਦੇਂਦੀ ਤਾਂ ਮੈਨੂੰ ਦੁਨਿਆਵੀ ਧੰਧਿਆਂ ਦਾ ਦੁਖ ਤਾਂ ਨ ਹੁੰਦਾ, ਇਸੇ ਆਧਾਰ ਤੇ ਫਰੀਦ ਨੇ ਦੁਨਿਆਵੀ ਪਦਾਰਥਾਂ ਤੋਂ ਦੂਰ ਰਹਿਣ ਦੀ ਸੂਚਨਾ ਦੇਂਦੇ ਹੋਏ ਕਿਹਾ ਕਿ ਮਿਤਰਾ, ਇਨ੍ਹਾਂ ਨੂੰ ਹਥ ਨ ਲਾਵੀਂ, ਵਰਨਾ ਹਥ ਸੜ ਜਾਵੇਗਾ :

'ਹਥ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ'

ਇਸੇ ਤਰ੍ਹਾਂ ਹੀ ਕਬੀਰ ਜੀ ਨੇ ਮਨੁਖਾ ਦੇਹ ਦਾ ਚਿਤਰ ਖਿਚਿਆ

'ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ,
ਦਿਵਸ ਚਾਰਿ ਕੋ ਪੇਖਨਾ ਅੰਤ ਖੇਹ ਕੀ ਖੇਹ'

ਅਤੇ ਸਿਧਾਂ ਨੇ ਸੰਸਾਰ ਨੂੰ ਅਥਾਹ ਨ ਤਰਿਆ ਜਾਣ ਵਾਲਾ ਸਮੁੰਦਰ ਦਸ ਕੇ ਇਸ ਤੋਂ ਪਾਰ ਹੋਣ ਦੀ ਬਿਧ ਪੁਛੀ :

'ਦੁਨੀਆ ਸਾਗਰੁ ਦੁਤਰੁ ਕਹੀਐ ਕਿਉਂ ਕਰਿ ਪਾਈਐ ਪਾਰੋ'

ਇਹ ਸਾਰੀ ਵਿਚਾਰ ਦੁਨੀਆਂ ਤੋਂ ਉਪਰਾਮਤਾ ਵਾਲੀ ਸੀ। ਦੁਖਾਂ ਤੋਂ ਛੁਟਕਾਰੇ ਦਾ ਇਕੋ ਇਕ ਰਾਹ ਦੁਨੀਆਂ ਤੋਂ ਭਜ ਜਾਣ ਵਿਚ ਵੇਖਿਆ ਜਾਂਦਾ ਸੀ, ਇਸ ਲਈ ਧਾਰਮਕ ਬਿਰਤੀ ਰਖਣ ਵਾਲੇ ਲੋਕ ਘਰ ਬਾਰ ਛਡ ਜੰਗਲਾਂ ਪਹਾੜਾਂ ਵਿਚ ਵਸੋਂ ਤੋਂ ਦੂਰ ਜਾ ਰਹਿੰਦੇ।

ਗੁਰੂ ਨਾਨਕ ਵਿਚਾਰ ਅਨੁਸਾਰ ਇਹ ਸੰਸਾਰ ਸਚੇ ਸਿਰਜਨਹਾਰ ਦਾ ਆਪਣਾ ਨਿਵਾਸ ਅਸਥਾਨ ਹੈ, ਜਿਸ ਵਿਚ ਆਸਨ ਲਗਾ ਕੇ

ਉਹ ਸਾਰੀ ਰਚਨਾਂ ਨੂੰ ਵੇਖ ਕੇ ਖੁਸ਼ ਹੁੰਦਾ ਹੈ।

'ਕਰਿ ਆਸਣੁ ਡਿਠੋ ਚਾਉ'

ਮਨੁਖਾ ਜਨਮ ਦੀ ਪ੍ਰਾਪਤੀ ਨੂੰ ਭੀ ਸਤਿਗੁਰੂ ਇਕ ਬਹੁਤ ਚੰਗੇ ਭਾਗਾਂ ਦੀ ਗੱਲ ਸਮਝਦੇ ਹਨ, ਨਾ ਉਨ੍ਹਾਂ ਦੇ ਖਿਆਲ ਵਿਚ ਇਹ ਦੁਖਾਂ ਦਾ ਘਰ ਹੀ ਹੈ ਕਿ ਇਸ ਤੋਂ ਭਜਿਆ ਜਾਏ ਜਾਂ ਇਸ ਨੂੰ ਵਾਧੂ ਦੇ ਕਰਮ ਕਾਂਡਾਂ ਵਿਚ ਲਗਾਕੇ ਪੀੜਤ ਤੇ ਨਾਸ ਕੀਤਾ ਜਾਏ। ਇਸ ਨੂੰ ਹਿਸ ਰਹਿਤ ਤੇ ਨਕਾਰਾ ਕਰਨਾ ਮੂਰਖ ਪੁਣਾ ਹੈ; ਸਗੋਂ ਇਸ ਦੀ ਹਰ ਭਾਵ ਰਖਿਆ ਕਰਦੇ ਹੋਏ ਇਸ ਨੂੰ ਨਰੋਆ ਅਤੇ ਕਿਰਤ ਕਰਨ ਦੇ ਯੋਗ ਬਨਾਉਣਾ ਮਨੁਖ ਦਾ ਪਰਮ ਧਰਮ ਹੈ ਤਾਂ ਕਿ ਇਹ ਪਰਉਪਕਾਰ ਸੇਵਾ, ਸਿਮਰਨ ਅਤੇ ਨੇਕ ਘਾਲ ਕਮਾਈ ਕਰਨ ਵਾਲਾ ਹੋਵੇ। ਇਹ ਜੀਵਨ ਦੀ ਅਸਲ ਜੁਗਤਿ ਪਛਾਣੇ ਅਤੇ ਅਪਨਾਵੇ :

'ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ'

ਇਹ ਜੁਗਤੀ ਅਜੇਹੀ ਹੈ ਕਿ ਇਸ ਨੂੰ ਅਪਨਾਅ ਕੇ ਮਨੁਖ ਹਸਦਾ ਖੇਡਦਾ ਖਾਂਦਾ ਪਹਿਨਦਾ ਜੀਵਨ ਮੁਕਤ ਹੋ ਜਾਂਦਾ ਹੈ। ਸਤਿਗੁਰੂ ਇਸ ਜੀਵਨ ਜੁਗਤ ਦੇ ਤਿੰਨ ਵਿਸ਼ੇਸ਼ ਅੰਗ 'ਸਤ' 'ਸੰਤੋਖ' ਅਤੇ 'ਗਿਆਨ' ਦਸਦੇ ਹਨ। ਇਹ ਸਚ ਨੂੰ ਜੀਵਨ ਦਾ ਆਧਾਰ ਬਣਾਵੇ, ਕੋਈ ਅਜੇਹੀ ਗੱਲ ਜੋ ਸਚ ਨਹੀਂ, ਇਹ ਨਾ ਕਰੇ। ਇਹ ਸੰਤੋਖ ਬਿਰਤੀ ਅਰਥਾਤ ਪਰਵਿਰਤ ਅਤੇ ਨਿਰਵਿਰਤ ਦਾ ਸੰਤੁਲਨ (Balance) ਕਾਇਮ ਰਖਣ ਵਾਲਾ ਹੋਵੇ ਅਥਵਾ ਸੰਸਾਰ ਤੋਂ ਉਪਰਾਮ ਨ ਹੋਵੇ ਪਰ ਇਸ ਵਿਚ ਖਚਤ ਭੀ ਨ ਹੋਵੇ। ਪਰਵਿਰਤ (ਪਦਾਰਥਾਂ ਦੀ ਵਰਤੋਂ) ਅਤੇ ਨਿਰਵਿਰਤ (ਪਦਾਰਥਾਂ ਦਾ ਤਿਆਗ) ਜੀਵਨ ਦੇ ਦੋ ਸਿਖਰ (Extremes) ਹਨ। ਇਨ੍ਹਾਂ ਦੇ ਵਿਚਾਲੇ ਧਰਮ ਰਾਹਬਰ (ਰਸਤਾ ਵਿਖਾਉਣ ਵਾਲਾ) ਹੈ ਜੋ ਦੋਨਾਂ ਨੂੰ ਸੰਜਮ ਅੰਦਰ ਰਖ ਕੇ ਦੋਹਾਂ ਦਾ ਸੰਤੁਲਨ ਕਾਇਮ ਰਖਣ ਦਾ ਕੰਮ ਕਰਦਾ ਹੈ :

'ਪਰਵਿਰਤਿ ਨਿਰਵਿਰਤ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ'

ਜੀਵਨ ਦੀ ਜੁਗਤੀ ਦਾ ਤੀਜਾ ਵਿਸ਼ੇਸ਼ ਅੰਗ ਗਿਆਨ ਜਾਂ ਵਿਚਾਰ ਹੈ। ਮਨੁਖ ਵੇਖਾ ਵੇਖੀ ਅੰਨ੍ਹੇ ਵਾਹ ਕੋਈ ਗੱਲ ਨਾ ਕਰੇ ਸਗੋਂ ਸਚ ਤੇ ਝੂਠ ਦੇ ਪਰਖਨ ਵਾਲੀ ਬਿਬੇਕ ਵਿਚਾਰ ਤੋਂ ਕੰਮ ਲਵੇ। ਇਸ ਤਰਾਂ ਸਤ ਸੰਤੋਖ ਤੇ ਵਿਚਾਰ ਅਧੀਨ ਬਣੀ ਜੁਗਤਿ, ਜੀਵਨ ਨੂੰ ਦੁਖਾਂ ਦਾ ਘਰ ਨਹੀਂ ਬਨਣ ਦੇਵੇਗੀ। ਸਤਿਗੁਰ ਜੀ ਦੇ ਖਿਆਲ ਅਨੁਸਾਰ ਸੰਸਾਰ ਇਕ 'ਭੂਮ ਰੰਗਾਵਲੀ' ਹੈ ਜਿਸ ਦੇ ਅੰਦਰ ਕੰਚਨ ਵਰਗੀ ਮਨੁਖਾ ਦੇਹ ਅਤੇ 'ਉਮਰ ਸੁਵੰਨੜੀ' ਮਿਲੀ ਹੈ। ਇਸ ਨੂੰ ਅਜਾਈਂ ਤਪਾਂ ਹਠਾਂ ਵਿਚ ਗਵਾਉਣ ਦੀ ਲੋੜ ਨਹੀਂ, ਬਲਕਿ ਸੋਹਣੀ ਜੀਵਨ ਜੁਗਤ ਦੁਆਰਾ ਇਸ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ। ਭਾਵੇਂ ਇਹ ਇਕ ਅਜੇਹਾ ਅਵਸਰ ਹੈ ਜਿਸ ਵਿਚ ਮਨੁਖ ਆਪਣੇ ਆਉਣ ਵਾਲੇ ਸਮੇਂ ਲਈ ਭੀ ਕੁਝ ਤੋਸਾ ਇਕੱਠਾ ਕਰ ਸਕਦਾ ਹੈ ਪਰ ਇਸ ਨੂੰ ਆਪਣਾ ਵਰਤਮਾਨ ਸੋਹਣਾ ਤੇ ਸੁਖੀ ਬਣਾਉਣ ਦੇ ਖਿਆਲ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਇਸ ਖਿਆਲ ਨੂੰ ਮੁਖ ਰਖਦੇ ਹੋਏ ਹੀ ਸਤਿਗੁਰੂ ਜੀ ਨੇ ਮਨੁਖ ਨੂੰ ਬ੍ਰਾਹਮਣੀ ਰਸਮਾਂ ਰੀਤਾਂ ਦੇ ਗੋਰਖ-ਧੰਧਿਆਂ ਅਤੇ ਮੁਲਾਣਿਆਂ ਦੀਆਂ ਸ਼ਰਹ ਸ਼ਰੀਅਤ ਦੀਆਂ ਉਲਝਨਾਂ ਨੂੰ ਛੱਡ ਕੇ ਸਿਧਾ ਪਧਰਾ ਧਰਮ ਦੀ ਕਿਰਤ ਕਮਾਈ ਅਤੇ ਸਚੀ ਜੁਗਤ ਵਾਲਾ ਸੰਤੋਖੀ ਗ੍ਰਿਹਸਥੀ ਜੀਵਨ ਬਿਤਾਉਣ ਦਾ ਰਾਹ ਦਸਿਆ।

(6) ਜਿਸ ਕ੍ਰਾਂਤੀਕਾਰ ਅੰਦੋਲਨ ਦੀ ਸਤਿਗੁਰੂ ਨਾਨਕ ਦੇਵ ਜੀ ਨੇ ਨੀਂਹ ਧਰੀ ਸੀ, ਉਸ ਵਿਚ ਸ਼ਾਮਲ ਹੋਣ ਵਾਲੇ ਹਰ ਮਨੁਖ ਲਈ ਜ਼ਰੂਰੀ ਸੀ ਕਿ ਉਹ ਘਾਲ ਕਮਾਈ ਕਰੇ ਅਤੇ ਜੋ ਕਮਾਈ ਉਸ ਕੀਤੀ ਹੈ ਉਸ ਨੂੰ ਹੋਰ ਲੋੜਵੰਦਾ ਨਾਲ ਸਾਂਝਾ ਕਰੇ। ਆਪ ਨੇ ਫਰਮਾਇਆ:

'ਘਾਲਿ ਖਾਇ ਕਿਛੁ ਹਥਹੁ ਦੇਹਿ
ਨਾਨਕ ਰਾਹ ਪਛਾਣੈ ਸੇਇ'

ਮਨੁਖ ਕਿਸੇ ਦੂਜੇ ਦੇ ਪਰਨੇ ਕਦੀ ਨਾ ਰਹੇ, ਸਗੋਂ ਆਪਣੀ ਹਥੀਂ ਧਰਮ ਦੀ ਕਿਰਤ (ਨੇਕ ਕਮਾਈ) ਕਰੇ ਅਤੇ ਉਸ ਵਿਚੋਂ ਨਾ ਕੇਵਲ

ਆਪਣਾ ਪੇਟ ਪਾਲੇ ਸਗੋਂ ਹੋਰਨਾਂ ਦੀ ਲੋੜ ਭੀ ਪੂਰੀ ਕਰੇ। ਅਜੇਹਾ ਕਰਨ ਵਾਲਾ ਮਨੁਖ ਹੀ ਜੀਵਨ ਦੀ ਸਹੀ ਜੁਗਤ ਜਾਣ ਸਕਦਾ ਹੈ। ਸਤਿਗੁਰੂ ਫਰਮਾਉਂਦੇ ਹਨ ਕਿ ਸੰਸਾਰ ਤੋਂ ਉਜਲੇ ਮੁਖ ਓਹੀ ਮਨੁਖ ਜਾਂਦੇ ਹਨ ਜਿਨ੍ਹਾਂ ਮੁਸ਼ੱਕਤਾਂ ਕੀਤੀਆਂ ਤੇ ਘਾਲਣਾ ਘਾਲੀਆਂ ਹੁੰਦੀਆਂ ਹਨ ਇਹ ਘਾਲਾਂ ਆਤਮਕ ਭੀ ਹਨ ਤੇ ਸਰੀਰਕ ਭੀ, ਸਿਮਰਨ ਅਤੇ ਸੇਵਾ ਇਨਾਂ ਘਾਲਾਂ ਦੇ ਪਰਗਟ ਰੂਪ ਹਨ।

ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।

ਅਤੇ 'ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।

(੭) ਗੁਰੂ ਨਾਨਕ ਵਿਚਾਰ ਧਾਰਾ ਅੰਦਰ ਵਿਸ਼ੇਸ਼ ਧਿਆਨ ਯੋਗ ਇਕ ਨੁਕਤਾ ਸਤਿਗੁਰੂ ਦੀ ਹੋਂਦ ਅਤੇ ਮਨੁਖ ਦੀ ਅਗਵਾਈ ਲਈ ਸਤਿਗੁਰੂ ਦੀ ਲੋੜ ਦਾ ਹੈ। ਗੁਰੂ ਜੀ ਨੇ 'ਅੰਜਨ ਮਾਹਿ ਨਿਰੰਜਨਿ' ਰਹਿਨ ਅਥਵਾ ਦੁਨਿਆਵੀ ਮੋਹ ਮਮਤਾ ਵਾਲਾ ਜੀਵਨ ਬਤੀਤ ਕਰਦੇ ਹੋਏ ਇਸ ਤੋਂ ਨਿਰਲੇਪ ਰਹਿਨ ਵਾਲਾ ਜੋ ਰਾਹ ਮਨੁਖ ਲਈ ਉਲੀਕਿਆ ਸੀ, ਇਹ ਸਾਰੀਆਂ ਮੰਨੀਆਂ ਗਈਆਂ ਪ੍ਰਵਾਣਤ ਵਿਚਾਰ ਧਾਰਾਂ ਤੋਂ ਨਿਆਰਾ ਅਤੇ ਮੁਸ਼ਕਲ ਸੀ। ਆਸ ਅਤੇ ਅੰਦੇਸ਼ੇ ਵਾਲਾ ਜੀਵਨ ਬਿਤਾਉਂਦੇ ਹੋਏ ਨਿਰਾਸ ਤੇ ਨਿਸਚਿੰਤ ਰਹਿਣਾ ਸੌਖੀ ਗੱਲ ਨਹੀਂ। ਗ੍ਰਹਸਥੀ ਜੀਵਨ ਅੰਦਰ ਮਨੁਖ ਨੂੰ ਪੈਰ ਪੈਰ ਤੇ ਠੋਕਰਾਂ ਲਗਦੀਆਂ ਹਨ ਅਤੇ ਇਹ ਥਿੜਕਦਾ ਤੇ ਡਿਗਦਾ ਹੈ ਕਦੀ ਇਸਤਰੀ ਤੇ ਬਚਿਆਂ ਦੇ ਮੋਹ ਵਸ ਹੋਇਆ, ਕਦੀ ਕਿਸੇ ਪਦਾਰਥ ਜਾਂ ਵਡਿਆਈ ਦੀ ਪ੍ਰਾਪਤੀ ਪਿਛੇ, ਕਦੀ ਅੰਦਰਲੀ ਕਾਮ ਚੇਸ਼ਟਾ ਦਾ ਧਕਿਆ ਹੋਇਆ ਇਹ ਭਟਕ ਰਿਹਾ ਹੁੰਦਾ ਹੈ, ਕਦੀ ਇਹ ਕ੍ਰੋਧ ਵਿਚ ਭੁਜਦਾ ਹੈ। ਜਦ ਤਾਈਂ ਇਸ ਨੂੰ ਹਰ ਚੀਜ਼ ਦੀ ਅਸਲੀਅਤ ਦਾ ਗਿਆਨ ਨ ਹੋਵੇ ਇਸ ਦਾ ਮਨ ਸ਼ਾਂਤ ਨਹੀਂ ਹੋ ਸਕਦਾ। ਇਹ ਗਿਆਨ ਗੁਰੂ ਤੋਂ ਬਿਨਾ ਸੰਭਵ ਨਹੀਂ;

ਇਸ ਲਈ ਸਫਲ ਜੀਵਨ ਬਿਤਾਉਣ ਲਈ ਮਨੁਖ ਨੂੰ ਗੁਰੂ ਦੀ ਸਦੀਵ ਕਾਲ ਲੋੜ ਹੈ। ਜਿਸ ਜੀਵਨ ਜੁਗਤਿ ਦਾ ਪਿਛੇ ਜ਼ਿਕਰ ਆਇਆ ਹੈ ਉਸ ਦੀ ਗੁਰੂ ਦੇ ਮਿਲਣ ਤੋਂ ਹੀ ਸਮਝ ਆਉਂਦੀ ਹੈ ਅਤੇ ਫਿਰ ਉਸ ਅਨੁਸਾਰ ਚਲਦਾ ਹੋਇਆ ਮਨੁਖ ਦੁਨਿਆਵੀ ਪਦਾਰਥਾਂ ਦੇ ਭੋਗ ਭੋਗਦਾ ਤੇ ਖੁਸ਼ੀਆਂ ਮਾਣਦਾ ਹੋਇਆ ਸੰਸਾਰ ਤੋਂ ਨਿਰਲੇਪ ਰਹਿ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਇਸ ਪਰਥਾਏ ਲਿਖਦੇ ਹਨ;

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆਂ ਪੈਨੰਦਿਆ ਖਾਵੰਦਆ ਵਿਚੇ ਹੋਵੈ ਮੁਕਤਿ ॥

ਸੋ ਗ੍ਰਹਸਥੀ ਜੀਵਨ ਦੀਆਂ ਮੁਸ਼ਕਲਾਂ ਦੇ ਹੱਲ ਵਾਸਤੇ ਸਤਿਗੁਰੂ ਦਾ ਮਿਲਣਾ ਅਤਿ ਜ਼ਰੂਰੀ ਹੈ।

ਅਜੇਹਾ ਸਤਿਗੁਰੂ ਜੋ ਹਰਿ ਮਨੁਖ ਨੂੰ ਹਰ ਸਮੇਂ ਗਿਆਨ ਦੇ ਸਕੇ ਜਾਂ ਜੀਵਨ ਜੁਗਤੀ ਸਮਝਾ ਸਕੇ, ਓਹ ਕੌਣ ਹੋ ਸਕਦਾ ਹੈ ? ਐਸੇ ਸਤਿਗੁਰੂ ਦੇ ਦੋ ਵਿਸ਼ੇਸ਼ ਗੁਣ ਬਾਣੀ ਵਿਚ ਲਿਖੇ ਹਨ :–

(i) ਸਤਿਗੁਰ ਐਸਾ ਜਾਨੀਐ ਜੋ ਸਭਸੈ ਦੇਇ ਮਿਲਾਇ ਜੀਓ।
(ਸ੍ਰੀ ਰਾਗ)

ਅਰਥਾਤ ਜੋ ਸਭ ਦਾ ਸਾਂਝਾ ਹੋਵੇ ਤੇ ਜਿਸ ਪਾਸੋਂ ਹਰ ਮਨੁਖ ਵਰੋਸਾਇਆ ਜਾਇ, ਜੋ ਵਡੇ ਛੋਟੇ ਅਤੇ ਊਚ ਨੀਚ ਦਾ ਵਿਤਕਰਾ ਨ ਕਰੇ।

(ii) ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ ॥ (ਸੂਹੀ)

ਅਰਥਾਤ ਸਤਿਗੁਰੂ ਉਹ ਹੋਵੇ ਜਿਸ ਦੀ ਅਗਵਾਈ ਹਰ ਸਮੇਂ ਮਿਲ ਸਕੇ। ਹਰ ਸਮੇਂ ਮਿਲ ਸਕਨ ਵਾਲਾ ਸਤਿਗੁਰੂ ਕੋਈ ਮਨੁਖ ਨਹੀਂ ਹੋ ਸਕਦਾ। ਕਿਉਂਕਿ ਮਨੁਖ ਦਾ ਸਰੀਰ ਤਾਂ ਬਿਨਸ ਜਾਣ ਵਾਲਾ ਹੈ। ਇਸੇ ਲਈ ਗੁਰਮਤ ਦਾ ਵਿਸ਼ਵਾਸ਼ ਹੈ ਕਿ ਸਤਿਗੁਰ ਨਾਨਕ ਦੇਵ ਜੀ ਉਸ ਜੋਤਿ ਸਦਕਾ ਗੁਰੂ ਸਨ ਜੋ ਜੋਤਿ ਆਪ ਦੇ ਸਰੀਰ ਤਿਆਗਣ ਪਿਛੋਂ ਨੌਂ ਹੋਰ ਸਰੀਰਾਂ ਅੰਦਰ ਰਮਦੀ ਰਹੀ। ਜਿਸ ਸਰੀਰ ਅੰਦਰ

ਓਹ ਜੋਤਿ ਪਰਵੇਸ਼ ਕਰਦੀ, ਉਸ ਜੋਤਿ ਦਾ ਸਦਕਾ ਉਸ ਸਰੀਰ ਦਾ ਭੀ ਸਤਿਕਾਰ ਕੀਤਾ ਜਾਂਦਾ। ਓਹੀ ਜੋਤਿ ਅਖੀਰ ਹਾਜ਼ਰ ਹਜ਼ੂਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜ ਗਈ ਜਿਥੋਂ ਕੋਈ ਮਨੁਖ ਕਿਸੇ ਸਮੇਂ ਅਗਵਾਈ ਲੈ ਸਕਦਾ ਹੈ। ਰਬਾਬੀ ਬਲਵੰਡ ਨੇ ਇਸੇ ਲਈ ਲਿਖਿਆ ਸੀ:

'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'
ਅਰਥਾਤ ਸਤਿਗੁਰੂ ਨਾਨਕ ਜੋਤਿ ਕੇਵਲ ਸਰੀਰ ਬਦਲੀ ਕਰਦੀ ਰਹੀ ਅਤੇ ਓਹੀ ਜੀਵਨ ਜੁਗਤਿ ਦਰਸਾਉਂਦੀ ਰਹੀ ਜੋ ਗੁਰੂ ਨਾਨਕ ਨੇ ਦਰਸਾਈ ਸੀ : ਓਹੋ ਜੋਤਿ ਤੇ ਜੁਗਤਿ ਗੁਰੂ ਕੇ ਸ਼ਬਦ ਵਿਚ ਮੌਜੂਦ ਹੈ ਅਤੇ ਉਸੇ ਜੋਤਿ ਸਦਕਾ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹਾਂ।

ਗੁਰੂ ਦੀ ਸਦੀਵ ਕਾਲ ਲੋੜ ਦੀ ਮਹੱਤਤਾ ਨੂੰ ਮੁਖ ਰਖਦੇ ਹੋਏ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਛੋਂ ਐਸੇ ਗੁਰੂ ਦੀ ਸਥਾਪਨਾ ਕੀਤੀ ਜਿਸ ਵਿਚ ਉਕਤ ਦੋਵੇਂ ਗੁਣ ਮੌਜੂਦ ਹਨ ਅਥਵਾ ਹਰ ਮਨੁਖ ਭਾਵੇਂ ਓਹ ਕਿਸੇ ਦੇਸ਼, ਕੌਮ, ਰੰਗ ਜਾਂ ਸ਼੍ਰੇਣੀ ਦਾ ਹੈ, ਹਰ ਥਾਂ ਅਤੇ ਹਰ ਵਕਤ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਪੜ੍ਹ ਸੁਣ ਤੇ ਵਿਚਾਰ ਸਕਦਾ ਹੈ। ਚੂੰਕਿ ਮਨੁਖ ਨੂੰ ਗੁਰੂ ਦੀ ਅਗਵਾਈ ਦੀ ਹਰ ਸਮੇਂ ਲੋੜ ਹੈ। ਇਸ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤਿ ਗੁਰੂ ਮੰਨਦੇ ਹਾਂ ਅਤੇ ਗੁਰ ਸ਼ਬਦ ਦਾ ਨਿਤਾਪ੍ਰਤ ਪੜ੍ਹਨਾ, ਸੁਨਣਾ ਜਾਂ ਗਾਉਣਾ ਜ਼ਰੂਰੀ ਸਮਝਦੇ ਹਾਂ।

'ਸਤਿਗੁਰ ਮਿਲੈ ਅੰਧੇਰਾ ਜਾਇ' (ਸਿਧ ਗੋਸ਼ਟ)

ਜਿਸ ਸਤਿਗੁਰ ਦੇ ਮਿਲਣ ਪਰ ਭਰਮਾਂ ਦਾ ਅੰਧੇਰਾ ਦੂਰ ਹੁੰਦਾ ਤੇ ਸਿਧਾ ਰਸਤਾ ਦਿਸ ਆਉਂਦਾ ਹੈ ਓਹ ਸਤਿਗੁਰੂ ਦਾ ਸ਼ਬਦ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ।

(੮) ਗੁਰੂ ਨਾਨਕ ਕ੍ਰਾਂਤੀ ਦੀ ਇਕ ਮੁਢਲੀ (fundamental)

ਗੱਲ ਇਹ ਹੈ ਕਿ ਜੋ ਮਾਲਕ ਵਾਹਿਗੁਰੂ ਇਕੋ ਇਕ ਤੇ ਸਾਰਿਆਂ ਦਾ ਸਾਂਝਾ ਹੈ ਉਸ ਨਾਲ ਮਨੁਖ ਦਾ ਡੂੰਘੇ ਪਿਆਰ ਦਾ ਸੰਪਰਕ ਹੈ। ਇਸ ਪਿਆਰ ਤੋਂ ਬਿਨਾਂ ਮਨੁਖ ਦਾ ਜੀਵਨ ਵਿਅਰਥ ਹੈ। ਜਿਸ ਤਰ੍ਹਾਂ ਸੁਹਾਗਵਤੀ ਇਸਤ੍ਰੀ ਵਿਛੜੇ ਪਤੀ ਦੀ ਯਾਦ ਵਿਚ ਤੜਪਦੀ ਹੈ, ਜਿਸ ਤਰਾਂ ਮਾਂ ਪਰਦੇਸ ਗਏ ਪੁਤਰ ਦੇ ਮਿਲਣ ਦੀ ਸਿੱਕ ਵਿਚ ਜੀਊਂਦੀ ਹੈ, ਜਿਸ ਤਰਾਂ ਮੱਛੀ ਦਾ ਪਾਣੀ ਤੋਂ ਬਿਨਾਂ ਜੀਊਣ ਨਹੀਂ, ਇਉਂ ਮਨੁਖ ਪ੍ਰਭੂ ਪ੍ਰੀਤਮ ਦੀ ਯਾਦ ਨੂੰ ਆਪਨੇ ਜੀਵਨ ਦਾ ਆਸਰਾ ਬਣਾਏ, ਸਤਿ ਗੁਰੂ ਫਰਮਾਉਂਦੇ ਹਨ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ
ਨਾਨਕ ਅਵਰ ਨ ਜੀਵੈ ਕੋਇ। (ਵਾਰ ਮਝ ਮ: ੧)

ਵਾਹਿਗੁਰੂ ਦੀ ਯਾਦ ਤੋਂ ਬਿਨਾਂ ਮਨੁਖ ਦਾ

'ਤਪੈ ਹਿਆਉ ਜੀਅੜਾ ਬਿਲਲਾਇ,(ਧਨਾਸਰੀ ਮ: ੧)

ਸਤਿਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਦਸਦੇ ਹਨ ਕਿ ਮੈਨੂੰ ਸਚੇ ਨਾਮ ਦੀ ਭੁਖ ਲਗੀ ਹੋਈ ਹੈ ਅਤੇ ਜਿਸ ਤਰਾਂ ਭੁਖੇ ਆਦਮੀ ਨੂੰ ਕੁਝ ਖਾਧੇ ਬਿਨਾਂ ਸ਼ਾਂਤੀ ਨਹੀਂ ਆ ਸਕਦੀ ਮੇਰਾ ਅੰਦਰ ਨਾਮ ਤੋਂ ਬਿਨਾਂ ਨਹੀਂ ਰਹਿ ਸਕਦਾ

'ਤਿਸੁ ਵਿਸਰਿਐ ਚੰਗਾ ਕਿਉਂ ਹੋਇ,(ਧਨਾਸੀ ਮ:੧)

ਇਸ ਲਈ ਆਪ ਕਹਿੰਦੇ ਹਨ:

ਆਖਾ ਜੀਵਾ ਵਿਸਰੈ ਮਰਿ ਜਾਉ (ਆਸਾ ਮ: ੧)

ਉਨ੍ਹਾਂ ਦਾ ਅਪਨੀ ਬਾਬਤ ਇਉਂ ਕਹਿਣਾ ਨਿਰਾ ਆਪਨੇ ਮਨ ਦੀ ਦਸ਼ਾ ਦਾ ਵਰਨਣ ਹੀ ਨਹੀਂ ਬਲਕਿ ਮਨੁਖ ਬਾਰੇ ਸਮੁਚੇ ਤੌਰ ਆਪ ਦਾ ਵਿਚਾਰ ਹੈ ਕਿ

'ਨਾਨਕ ਕੰਮਿ ਨ ਆਵਈ ਜਿਤ ਤਨਿ ਨਾਹੀ ਸਚਾ ਨਾਉ'

ਮਨੁਖ ਦੇ ਮਨ ਅੰਦਰ ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਜਗਾਉਣਾ ਅਤੇ ਉਸ ਨੂੰ ਕਿਸੇ ਅਤਿ ਪਿਆਰੇ ਦੀ ਯਾਦ ਵਾਂਗੂੰ ਹਿਰਦੇ ਅੰਦਰ

ਵਸਾਈ ਰਖਣਾ ਆਪ ਦੀ ਕ੍ਰਾਂਤੀ ਦਾ ਅਹਿਮ ਭਾਗ ਸੀ ਇਸ ਪਿਛੇ ਕੁਛ ਕਾਰਨ ਸਨ :

(੧) ਜੋ ਮਨੁਖੀ ਸਮਾਨਤਾ ਤੇ ਸਾਂਝੀਵਾਲਤਾ ਸਤਿਗੁਰੂ ਦ੍ਰਿੜ ਕਰਾਉਣਾ ਚਾਹੁੰਦੇ ਸਨ ਓਹ ਸਰਬ ਸਾਂਝੇ ਇਕੋ ਇਕ ਵਾਹਿਗੁਰੂ ਪਿਤਾ ਦੀ ਹੋਂਦ ਨਿਸਚੇ ਕਰਾਏ ਬਿਨਾਂ ਸੰਭਵ ਨਹੀਂ ਸੀ। ਕਿਸੇ ਖਿਆਲ ਦੀ ਦ੍ਰਿੜਤਾ ਨਿਰੇ ਬੋਧਕ ਗਿਆਨ ਦੇਣ ਨਾਲ ਨਹੀਂ ਹੋਇਆ ਕਰਦੀ, ਜਦੋਂ ਤਕ ਉਹ ਖਿਆਲ ਮਨੁਖ ਦੇ ਅਹਿਸਾਸ ਦਾ ਭਾਗ ਨ ਬਣੇ ਅਰਥਾਤ ਉਹ ਮਨੁਖ ਦੀ ਭਾਵਨਾ ਨੂੰ ਨਾ ਟੁੰਬੇ। ਇਕੋ ਗੱਲ ਨੂੰ ਜਾਣ ਲੈਣਾ ਅਤੇ ਉਸ ਦਾਂ ਸੁਆਦ ਮਾਨਣਾ ਦੋ ਵਖੋ ਵਖ ਗੱਲਾਂ ਹੈ। ਇਕ ਅੰਬ ਦੇ ਮਿਠੇ ਪੇੜ ਦਾ ਫਲ ਹੋਣ ਦੀ ਵਾਕਫੀ ਅਤੇ ਉਸ ਅੰਬ ਨੂੰ ਚੂਪਕੇ ਉਸਦਾ ਅਨੰਦ ਮਾਨਣ ਵਿਚ ਵਡਾ ਫਰਕ ਹੈ। ਇਸੇ ਤਰ੍ਹਾਂ ਵਾਹਿਗੁਰੂ ਮੇਹਰਵਾਨ ਹੈ ਬਖਸ਼ੰਦ ਹੈ ਜਾਨਣਾ ਅਤੇ ਉਸ ਦੇ ਅਜੇਹਾ ਹੋਣ ਦੇ ਰਸ ਵਿਚ ਰਸਲੀਨ ਹੋਣਾ ਵਖੋ ਵਖ ਗੱਲਾਂ ਹਨ। ਉਸਦੇ ਬਖਸ਼ੰਦ ਹੋਣਦੀ ਦ੍ਰਿੜਤਾ ਓਦੋਂ ਹੀ ਹੁੰਦੀ ਹੈ ਜਦੋਂ ਇਸ ਦੇ ਰਸ ਵਿਚ ਲੀਨ ਹੋ ਕੇ ਇਸ ਦੀ ਅਨੁਭਵਤਾ ਜਗਾਈ ਜਾਵੇ। ਰਸ ਲੀਨ ਹੋਣ ਵਾਸਤੇ ਉਸ ਦੇ ਗੁਣਾਂ ਦੀ ਵਾਰ ੨ ਦੁਹਰਾਈ ਪਿਆਰ ਭਰੀ ਯਾਦ ਜ਼ਰੂਰੀ ਹੈ। ਯਾਦ ਕਰਨਾ ਹੈ ਅੱਖਾਂ ਕੰਨਾਂ ਅਤੇ ਰਸਨਾ ਦੁਆਰਾ :

'ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮ'

(ਬਸੰਤ ਮ: ੧)

ਸਤਿ ਗੁਰੂ ਜੀ ਰਸ ਲੀਨ ਹੋਣ ਦਾ ਨਿਰਾ ਉਪਦੇਸ਼ ਹੀ ਨਹੀਂ ਕਰਦੇ ਸਗੋਂ ਜਿਸ ਤਰਾਂ ਆਪ ਆਪਣੇ ਪ੍ਰੀਤਮ ਨਾਲ ਡੂੰਘੇ ਪਿਆਰ ਵਿਚ ਇਕ ਸੁਰ ਹੋ ਜਾਂਦੇ ਸਨ ਉਸ ਦੇ ਅਨੇਕ ਚਿਤਰ ਆਪਣੀ ਰਚਨਾ ਅੰਦਰ ਖਿਚਦੇ ਹਨ। ਇਸ ਵਿਸ਼ੇ ਤੇ ਆਪ ਦਾ ਉਚਾਰਿਆ ਤੁਖਾਰੀ ਬਾਰਾ ਮਾਂਹ ਅਤੇ ਕਈ ਹੋਰ ਸ਼ਬਦ ਵੇਖਣ ਯੋਗ ਹਨ। ਨਮੂਨੇ ਮਾਤਰ ਪੜ੍ਹੋ ਤੁਖਾਰੀ ਛੰਤ ਮ: ੧

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਂਦੀ
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਂਦੀ
ਮੁੰਧ ਨੈਣ ਭਰੇਂਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾਂ ਪਿਆਰੇ
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ'

(੨) ਵਾਹਿਗੁਰੂ ਦੀ ਯਾਦ ਸਦਾ ਹਿਰਦੇ ਅੰਦਰ ਰਖਣੀ ਕਿਉਂ ਜ਼ਰੂਰੀ ਹੈ ਇਸ ਦੇ ਦੂਜੇ ਕਾਰਨ ਨੂੰ ਇਉਂ ਵਰਨਿਆ ਜਾ ਸਕਦਾ ਹੈ : ਜਿਨਾਂ ਚਿਰ ਕਿਸੇ ਸਮਾਜ ਦੇਸ ਅਥਵਾ ਮਨੁਖਤਾ ਦਾ ਇਖ਼ਲਾਕ ਉਚਾ ਨਾ ਹੋਵੇ ਉਸ ਵਿਚ ਸੁਖ ਸ਼ਾਂਤੀ ਨਹੀਂ ਵਰਤ ਸਕਦੀ। ਨੀਵਾਂ ਇਖਲਾਕ ਕਲਹ ਦੀ ਜੜ੍ਹ ਹੈ। ਜੋ ਕ੍ਰਾਂਤੀ ਸਤਿਗੁਰੂ ਸੰਸਾਰ ਵਿਚ ਲਿਆਉਣਾ ਚਾਹੁੰਦੇ ਸਨ, ਉਸ ਦੀ ਨੀਂਹ ਉਚੇ ਇਖਲਾਕ ਤੇ ਹੀ ਧਰੀ ਗਈ ਸੀ, ਇਸ ਲਈ ਗੁਰੂ ਜੀ ਨੇ ਰੱਬ ਦਾ ਜੋ ਸਰੂਪ ਸੰਸਾਰ ਨੂੰ ਦਿਤਾ ਉਹ ਇਖਲਾਕ ਮੁਜੱਸਮ (Morality Personified) ਸਰੂਪ ਸੀ, ਆਪ ਨੇ ਉਸ ਨੂੰ 'ਸਚ' ਸ਼ਬਦ ਦੁਆਰਾ ਬਿਆਨ ਕੀਤਾ। ਜੋ ਸਚ ਹੈ ਉਸ ਵਿਚ ਕੂੜ, ਕੁਸੱਤ ਧੋਖਾ ਫਰੇਬ, ਠਗੀ, ਦਿਖਾਵਾ, ਦੂਜੀ ਗੱਲ ਦਾ ਹੋਣਾ ਸੰਭਵ ਨਹੀਂ ਅਤੇ ਜੋ ਸਚ ਦੇ ਮੰਨਣ ਵਾਲਾ ਹੈ ਅਤੇ ਸਚ ਨੂੰ ਹਮੇਸ਼ਾਂ ਚੇਤੇ ਰਖਦਾ ਹੈ ਉਹ ਕੂੜ ਕੁਸੱਤ ਆਦੀ ਇਖਲਾਕ ਹੀਨ (immoral) ਗੱਲਾਂ ਨਹੀਂ ਹੋਣ ਦੇਵੇਗਾ। ਇਸੇ ਖਿਆਲ ਅਧੀਨ ਸਤਿਗੁਰਾਂ ਨੇ ਸਚ ਦੇ ਪਰਵੇਸ਼ ਵਾਲੇ ਜੀਵਨ ਦੀ ਵਡਿਆਈ ਸਚ ਤੋਂ ਭੀ ਵਧ ਦਸੀ :

'ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰ' (ਸਿਰੀ ਰਾਗ)

ਅਤੇ ਸਚ ਵੱਲ ਲਗਿਆਂ ਦੀ ਪਰਖ ਬਾਰੇ ਇਉਂ ਕਿਹਾ

'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰ
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰ

... ...

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ' (ਵਾਰ ਆਸਾ)

ਅਰਥਾਤ ਜੋ ਸਚ ਦੀ ਯਾਦ ਅੰਦਰ ਜੀਉਂਦੇ ਹਨ ਜੋ ਸਚ ਨਾਲ ਪਿਆਰ ਕਰਦੇ ਹਨ ਜਿਨ੍ਹਾਂ ਨੇ ਸਚ ਨੂੰ ਆਪਣੇ ਪਲੇ ਬੰਨ੍ਹ ਲਿਆ ਹੈ ਯਾਨਿ ਆਪਣਾ ਜੀਵਨ ਸਚ ਪਰਨੇ ਕਰ ਲਿਆ ਹੈ, ਉਹਨਾਂ ਦੇ ਸਾਰੇ ਦੁਖ ਪਾਪ ਮੈਲ ਧੋਤੇ ਗਏ ਹਨ। ਸਚ ਇਲਾਜ ਹੈ ਸਭ ਤਰ੍ਹਾਂ ਦੇ ਰੋਗਾਂ ਕਲੇਸ਼ਾਂ ਅਤੇ ਮੁਸ਼ਕਲਾਂ ਦਾ, ਅਤੇ ਸਚ ਹਿਰਦੇ ਵਿਚ ਵਸ ਜਾਂਦਾ ਹੈ ਸਚ (ਵਾਹਿਗੁਰੂ) ਦੀ ਵਾਰ ਵਾਰ ਦੁਹਰਾਈ ਯਾਦ ਦੁਆਰਾ।

ਇਸ ਤਰ੍ਹਾਂ ਵਾਹਿਗੁਰੂ ਦੀ ਪਿਆਰ ਭਰੀ ਯਾਦ ਸਮੁਚੇ ਤੌਰ ਮਨੁਖਤਾ ਦੇ ਪਿਆਰ ਲਈ ਮਨ ਨੂੰ ਉਤੇਜਤ ਕਰਦੀ ਹੈ ਜਿਸਦਾ ਗੁਰੂ ਨਾਨਕ ਦੀ ਕ੍ਰਾਂਤੀ ਅੰਦਰ ਵਡਾ ਭਾਗ ਹੈ।

(੯) ਪਿਆਰ ਦਾ ਸਿਖਰ ਕੁਰਬਾਨੀ ਹੈ। ਪ੍ਰੀਤਮ ਲਈ ਪਿਆਰ ਦੇ ਪਰਖਨ ਦੀ ਕਸਵਟੀ ਭੀ ਉਸ ਵਾਸਤੇ ਕੀਤੀ ਕੁਰਬਾਨੀ ਹੈ। ਜੋ ਮਨੁਖ ਪ੍ਰੀਤਮ ਦੇ ਪਿਆਰ ਪਿਛੇ ਆਪਣੇ ਕਿਸੇ ਸੁਖ, ਪਦਾਰਥ ਜਾਂ ਸਮੇਂ ਨੂੰ ਕੁਰਬਾਨ ਕਰਨ ਨੂੰ ਤਿਆਰ ਨਹੀਂ : ਅਥਵਾ ਜਿਸ ਪਾਸ ਆਪਣੇ ਪਿਆਰੇ ਨਾਲ ਪਿਆਰ ਕਰਨ ਦਾ ਸਮਾਂ ਨਹੀਂ ਹੈ, ਜੋ ਉਸ ਦੇ ਲਈ ਆਪਣੇ ਧਨ ਪਦਾਰਥ ਜਾਂ ਨੀਂਦ ਜੈਸੇ ਸੁਖ ਦਾ ਤਿਆਗ ਨਹੀਂ ਕਰ ਸਕਦਾ ਉਸ ਦਾ ਪਿਆਰ ਕਹਿਣ ਮਾਤਰ ਹੀ ਹੈ :

'ਮਨਮੁਖ ਕਥਨੀ ਹੈ ਪਰ ਰਹਤ ਨ ਹੋਈ' (ਬਿਲਾਵਲ)

ਪਿਆਰ ਵਾਲੇ ਲੋਕ ਆਪਣੇ ਪਿਆਰ ਪਿਛੇ ਸਭ ਕੁਝ ਬਲਕਿ ਜਿੰਦ ਜਾਨ ਕੁਰਬਾਨ ਕਰ ਦਿਆ ਕਰਦੇ ਹਨ। ਓਹ ਗਿਣਤੀ ਮਿਣਤੀ ਵਿਚ ਨਹੀਂ ਪੈਂਦੇ। ਹਜ਼ੂਰ ਫੁਰਮਾਉਂਦੇ ਹਨ :

'ਆਸਕੁ ਇਹੁ ਨ ਆਖੀਐ ਜਿ ਲੇਖੈ ਵਰਤੈ ਸੋਇ'

ਅਸੀਂ ਉਪਰ ਪੜ੍ਹ ਚੁਕੇ ਹਾਂ, ਸਤਿਗੁਰੂ ਕਹਿੰਦੇ ਹਨ ਸਚ ਨਾਲ ਏਨਾ ਪਿਆਰ ਕਰੋ ਕਿ 'ਨਾਉ ਸੁਣ ਮਨ ਰਹਿਸੀਐ' ਅਰਥਾਤ ਸਚ ਦੀ ਸੋ

ਸੁਣਕੇ ਹੀ ਮਨ ਖਿੜ ਜਾਵੇ। ਉਨਾਂ ਦੇ ਆਪਣੇ ਪਿਆਰ ਦਾ ਚਿਤਰ ਤੁਖਾਰੀ ਰਾਗ ਦੇ ਉਪਰ ਲਿਖੇ ਛੰਦ ਤੋਂ ਮਿਲਦਾ ਹੈ। ਆਪ ਦਾ ਆਪਣੇ ਪ੍ਰਭੂ ਪ੍ਰੀਤਮ ਨਾਲ ਏਨਾ ਪਿਆਰ ਸੀ ਕਿ ਆਪ ਕਹਿੰਦੇ ਹਨ ਕਿ ਜੇ ਕੋਈ ਮੈਨੂੰ ਤੇਰੀ ਬਾਤ ਭੀ ਸੁਣਾਵੇ ਮੈਂ ਉਸ ਦੇ ਬੈਠਣ ਲਈ ਆਪਣਾ ਸਿਰ ਕੱਟਕੇ ਮੂੜ੍ਹਾ ਬਣਾ ਦੇਵਾਂ :

'ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ'

ਜਿਸ ਕ੍ਰਾਂਤੀਕਾਰ ਅੰਦੋਲਨ ਦੀ ਨੀਂਹ ਸਤਿਗੁਰੂ ਨਾਨਕ ਦੇਵ ਜੀ ਨੇ ਧਰੀ ਸੀ, ਉਸ ਵਿਚ ਸਚ ਦੇ ਪਿਆਰ ਦਾ ਨੁਕਤਾ ਅਤੀ ਮਹਤਵ ਪੂਰਨ ਹੈ ਅਤੇ ਸਤਿਗੁਰੂ ਸੂਚਨਾ ਦੇਂਦੇ ਹਨ ਕਿ ਜੇ ਤੁਸੀਂ ਸਚ ਦੇ ਰਸਤੇ ਨੂੰ ਅਪਨਾਇਆ ਹੈ ਤਾਂ ਉਸ ਨਾਲ ਏਨਾ ਪਿਆਰ ਕਰੋ ਕਿ ਤੁਹਾਡਾ ਪਿਆਰ ਕੁਰਬਾਨੀ ਦੇ ਸਿਖਰ ਨੂੰ ਛੋਹ ਲਵੇ ਅਥਵਾ ਇਸ ਦੇ ਲਈ ਜੇ ਤੁਸਾਂਨੂੰ ਆਪਨਾ ਸਿਰ ਲਾਉਣਾ ਪਵੇ ਤਾਂ ਲਾ ਦਿਓ, ਤੇ ਅਜੇਹਾ ਕਰਨ ਤੋਂ ਨ ਝਿਜਕੋ :

'ਜਉ ਤਉ ਪ੍ਰੇਮ ਖੇਲਣ ਕਾ ਚਾਉ-ਸਿਰੁ ਧਰਿ ਤਲੀ ਗਲੀ ਮੇਰੀ ਆਉ'
'ਇਤੁ ਮਾਰਗਿ ਪੈਰਿ ਧਰੀਜੈ-ਸਿਰੁ ਦੀਜੈ ਕਾਣਿ ਨ ਕੀਜੈ' ਮ: ੧

ਫਿਰ ਆਪ ਫੁਰਮਾਉਂਦੇ ਹਨ ਕਿ ਜਦੋਂ ਨਿਸ਼ਾਨਾ (cause) ਏਨਾ ਉਚਾ ਹੋਵੇ ਤਾਂ ਉਸ ਦੇ ਲਈ ਮੌਤ ਵਿਹਾਝ ਲੈਣਾ ਭੀ ਕੋਈ ਮਾੜਾ ਸੌਦਾ ਨਹੀਂ :

'ਮਰਣ ਨ ਮੰਦਾ ਲੋਕ ਆਖੀਐ ਜੇ ਮਰਿ ਜਾਣੈ ਐਸਾ ਕੋਇ'

ਬਲਕਿ ਸੂਰਮੇ ਮਨੁਖ ਐਸੀ ਮੌਤ ਨੂੰ ਆਪਣਾ ਵਿਸ਼ੇਸ਼ ਹੱਕ (Privilege) ਸਮਝਦੇ ਹਨ ਜਿਸ ਮੌਤੇ ਮਰਿਆਂ ਉਹ ਪ੍ਰਵਾਣ ਹੋ ਜਾਣ।

'ਮਰਣੁ ਮੁਣਸਾ ਸੂਰਿਆਂ ਹਕੁ ਹੈ ਜੋ ਹੋਇ ਮਰਨਿ ਪਰਵਾਣੋ'

ਸਤਿਗੁਰੂ ਇਕ ਅਜੇਹੇ ਸਮਾਜ ਅੰਦਰ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ, ਜੋ ਸਾਹਸ ਹੀਨ ਹੋ ਚੁਕਾ ਸੀ, ਜਿਸ ਵਿਚ ਮੌਤ ਦਾ ਭੈ ਏਨਾ

ਛਾਇਆ ਹੋਇਆ ਸੀ ਕਿ ਇਸ ਤੋਂ ਡਰ ਕੇ ਲੋਕ ਸਚ ਅਤੇ ਅਸੂਲ ਨੂੰ ਕੁਰਬਾਨ ਕਰ ਦੇਂਦੇ ਸਨ। ਸਤਿਗੁਰੂ ਚਾਹੁੰਦੇ ਸਨ ਕਿ ਲੋਕ ਸਚ ਨੂੰ ਉਜਾਗਰ ਕਰਨ ਅਤੇ ਇਸ ਦੀ ਦ੍ਰਿੜਤਾ ਨੂੰ ਕਾਇਮ ਰਖਣ ਲਈ ਆਪਣੇ ਜੀਵਨ ਦੀ ਬਲੀ ਦੇਣ ਤਕ ਭੀ ਤਿਆਰ ਹੋਣ, ਇਸ ਲਈ ਆਪ ਨੇ ਸਭ ਨੂੰ ਵੰਗਾਰ ਕੇ ਕਿਹਾ

'ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ'

ਇਹ ਆਪ ਦੀ ਇਸ ਵੰਗਾਰ ਦਾ ਸਿਟਾ ਸੀ ਕਿ ਆਪ ਉਪਰ ਸ਼ਰਧਾ ਰਖਣ ਵਾਲੇ ਅਨੇਕਾਂ ਸਿਖਾਂ ਨੇ ਆਪਣੀ ਬਲੀ ਦਿਤੀ ਬਲਕਿ ਆਪਣੇ ਪੰਜਵੇਂ ਅਤੇ ਨਾਵੇਂ ਜਾਂਮਆਂ ਅੰਦਰ ਧਰਮ ਦੀ ਸੁਤੰਤਰ ਹੋਂਦ ਦ੍ਰਿੜ ਕਰਾਉਣ ਖਾਤਰ ਆਪ ਨੇ ਖੁਦ ਆਪਣੇ ਸਰੀਰ ਕੁਰਬਾਨ ਕੀਤੇ।

ਪਰ ਸਤਿਗੁਰੁ ਨਾਨਕ ਦੇਵ ਜੀ ਨੂੰ ਇਸ ਗੱਲ ਦੀ ਭੁੱਲ ਨਹੀਂ ਸੀ ਕਿ ਧਰਮ ਦੇ ਦੋਖੀਆ ਦੇ ਮਨਾਂ ਵਿਚ ਧਰਮ ਹੇਤ ਕੀਤੀਆਂ ਕੁਰਬਾਨੀਆਂ ਦਾ ਸਤਕਾਰ ਮਿਟ ਜਾਂਦਾ ਹੈ ਬਲਕਿ ਧਰਮ ਅਤੇ ਧਰਮੀਆਂ ਦੀ ਹਾਨੀ ਹੁੰਦੀ ਵੇਖ ਉਹ ਲੋਕ ਕਿਲਕਿਲੀਆ ਮਾਰਦੇ ਅਤੇ ਧਰਮ ਦਾ ਮਖੌਲ ਉੜਾਉਂਦੇ ਹਨ। ਆਪ ਨੇ ਇਸ ਦਾ ਚਿਤਰ ਇਉਂ ਖਿਚਿਆ :

'ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ' ਰਾਮਕਲੀ

ਅਜੇਹੀ ਦਸ਼ਾ ਦੀ ਜਦੋਂ ਅੱਤ ਹੋ ਜਾਵੇ ਅਤੇ ਮੂਰਖ ਲੋਕ ਧਰਮ ਦੀ ਹਾਨੀ ਕਰਨ ਤੋਂ ਰੋਕੇ ਨ ਰਹਿਣ ਤਾਂ ਸਤਿਗੁਰੂ ਆਗਿਆ ਕਰਦੇ ਹਨ : 'ਮੂਰਖ ਗੰਢੁ ਪਵੈ ਮੁਹਿ ਮਾਰ'।

ਜਦੋਂ ਸਤਿਗੁਰੂ ਅਰਜਨ ਜੇਹੀ ਧਰਮ ਮੂਰਤ ਨੂੰ ਸ਼ਹੀਦ ਕਰ ਦਿਤਾ ਗਿਆ ਤਾਂ ਦੋ ਧਾਰੇ ਖੰਡੇ ਦੇ ਪਰਯੋਗ ਦੀ ਲੋੜ ਪ੍ਰਤੀਤ ਹੋਈ ਤੇ ਦਿਬ ਅਸਥਾਨ ਹਰਿ ਮੰਦਰ ਦੀ ਰਖਿਆ ਲਈ ਅਕਾਲ ਤਖਤ ਦੇ ਸਾਜਨ ਦੀ ਲੋੜ ਪਈ ਅਤੇ 'ਸਿਰ ਦੀਜੈ ਕਾਣਿ ਨ ਕੀਜੈ' ਨੂੰ

'ਜੂਝ ਮਰਉਂ ਰਣ ਮੇਂ ਤਜ ਭੈ' ਦੇ ਅਰਥ ਦਿਤੇ ਗਏ। ਮਰਨਾ ਸੂਰਿਆਂ ਦਾ ਕਰਮ ਠੀਕ ਹੈ ਪਰ ਧਰਮ ਦੀ ਰਖਿਆ ਅਤੇ ਧਰਮ ਦੇ ਦੋਖੀਆਂ ਦੇ ਪਰਹਾਰ ਲਈ ਜੂਝ ਕੇ ਮਰਨਾ ਹੀ ਸਚਾ ਮਰਨਾ ਹੈ। ਇਸ ਲਈ ਆਪਣੇ ਦਸਵੇਂ ਸਰੂਪ ਅੰਦਰ ਗੁਰੂ ਨਾਨਕ ਨੇ ਕਿਹਾ ਕਿ ਪ੍ਰਵਾਣ ਹੋ ਕੇ ਮਰਿਆ ਉਸੇ ਨੂੰ ਜਾਣੋ ਜੋ ਸੰਤ ਸਰਣ ਅੰਦਰ ਜੁੜਿਆ ਹੋਇਆ ਦੁਰਮਤੀਆਂ ਦੇ ਨਾਸ ਲਈ ਤੇਗ ਦਾ ਜੈ ਜੈਕਾਰ ਕਰਦਾ ਹੈ।

ਸਤਿਗੁਰੂ ਸਮੁਚੇ ਸੰਸਾਰ ਅੰਦਰ ਅਜੇਹਾ ਰਾਜ ਤੇ ਸਮਾਜ ਸਥਾਪਤ ਕਰਨਾ ਚਾਹੁੰਦੇ ਸਨ ਜਿਸ ਵਿਚ ਸਾਰੇ ਮਨੁਖ ਤੇ ਇਸਤਰੀਆਂ ਸਾਂਵੇਂ ਸਾਂਝੀਵਾਲ ਹੋਣ, ਜਿਨ੍ਹਾਂ ਸਾਰਿਆਂ ਦੀ ਟੇਕ ਇਕ ਅਕਾਲ ਉਤੇ, ਨਿਸਚਾ ਸਤਿਗੁਰੂ ਦੇ ਸ਼ਬਦ ਅਤੇ ਭਰੋਸਾ ਨਿਜ ਬਲ ਉਤੇ ਹੋਵੇ, ਜਿਨ੍ਹਾਂ ਦੀ ਆਪੋ ਵਿਚ ਗੁਣਾਂ ਦੀ ਸਾਂਝ ਹੋਵੇ, ਜੋ ਵੰਡ ਕੇ ਖਾਂਦੇ ਹੋਣ, ਧਰਮ ਦੀ ਕਿਰਤ ਕਰਦੇ ਹੋਣ, ਨਾਮ ਦਾ ਪਰਚਾ ਅਤੇ ਦੀਨ ਦੁਖੀ ਦੀ ਸੇਵਾ ਜਿਨ੍ਹਾਂ ਦਾ ਨਿਤ ਕਰਮ ਹੋਵੇ, ਜਿਨ੍ਹਾਂ ਦਾ ਕਿਰਦਾਰ ਸਚ ਵਾਲਾ ਤੇ ਆਧਾਰ ਸ਼ਬਦ ਦੀ ਵਿਚਾਰ ਦਾ ਹੋਵੇ, ਜੋ ਰਾਜ ਜੋਗੀ ਭੀ ਹੋਣ ਅਤੇ ਨਿਰਲੇਪ ਗ੍ਰਿਹਸਥੀ ਭੀ, ਜੋ ਗ੍ਰਿਹਨ ਤੇ ਤਿਆਗ ਦਾ ਸੰਤੁਲਨ ਕਾਇਮ ਰਖ ਸਕਣ ਅਤੇ ਧਰਮ ਦੀ ਦ੍ਰਿੜਤਾ ਲਈ ਆਪਣੇ ਤਨ, ਮਨ, ਧਨ ਦੀ ਬਲੀ ਦੇ ਦੇਣ ਅਤੇ ਜਿਸ ਰਾਜ ਤੇ ਸਮਾਜ ਅੰਦਰ 'ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤਰ ਸਭੈ ਅਵਲੋਕ ਚਪੈਂਗੇ'।

ਸਤਿਗੁਰੂ ਦੀ ਦੇਣ

ਇਹ ਜਾਨਣ ਲਈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਸੰਸਾਰ ਨੂੰ ਵਿਸ਼ੇਸ਼ ਦੇਣ ਕੀ ਸੀ ਦੋ ਨੁਕਤੇ ਧਿਆਨ ਯੋਗ ਹਨ :

(੧) ਅਜ ਤੋਂ ਪੰਜ ਸੌ ਸਾਲ ਪਹਿਲੋਂ ਜਦੋਂ ਸਤਿ ਗੁਰੂ ਜੀ ਸੰਸਾਰ ਤੇ ਪ੍ਰਗਟ ਹੋਏ, ਉਸ ਸਮੇਂ ਦੀ ਸਭੱਯਤਾ, ਰਾਜ ਤੰਤਰ, ਸਮਾਜ ਤੇ ਧਰਮ ਵਿਚਾਰ ਹੁਣ ਨਾਲੋਂ ਵਖਰੇ ਸਨ ਅਤੇ ਲੋਕ ਦਸ਼ਾ ਵਿਚ ਸਮੁਚੇ

ਤੌਰ ਹੁਣ ਨਾਲੋਂ ਬਹੁਤ ਫਰਕ ਸੀ। ਸਤਿਗੁਰੂ ਜੀ ਨੇ ਜੋ ਕੁਝ ਕੀਤਾ ਉਹ ਭਾਵੇਂ ਉਹ ਸਮੇਂ ਦੀ ਵਿਚਾਰ ਧਾਰਾ ਨੂੰ ਸਾਮ੍ਹਣੇ ਰਖਦੇ ਹੋਏ ਸੀ ਪਰ ਜਿਨਾਂ ਸਚਾਈਆਂ ਨੂੰ ਅਜ ਦੀ ਵਿਗਿਆਨਕ ਖੋਜ ਹੁਣ ਦ੍ਰਿੜ ਕਰ ਰਹੀ ਹੈ ਓਹ ਅਜ ਤੋਂ ਪੰਜ ਸੌ ਸਾਲ ਪਹਿਲੋਂ ਸਤਿਗੁਰੂ ਜੀ ਨੇ ਨਿਸਚੈ ਕੀਤੀਆਂ ਅਤੇ ਓਹ 'ਸਚ ਪੁਰਾਣਾ ਹੋਵੈ ਨਾਹੀ' ਦੇ ਕਥਨ ਅਨੁਸਾਰ ਅਜ ਵੀ ਸਚ ਹਨ ਅਤੇ ਸਦੀਵ ਕਾਲ ਸਚ ਰਹਿਣਗੀਆਂ।

(੨) ਸਤਿਗੁਰੂ ਨਾਨਕ ਦੇਵ ਜੀ ਭਾਵੇਂ ਇਕ ਮਨੁਖ ਰੂਪ ਵਿਚ ਸਾਡੇ ਸਾਮ੍ਹਣੇ ਆਏ ਅਤੇ ਇਸੇ ਰੂਪ ਦੇ ਸਨਮੁਖ ਉਨ੍ਹਾਂ ਬਾਰੇ ਉਕਤ ਵਿਚਾਰ ਲਿਖੇ ਗਏ ਹਨ, ਪਰ ਅਸਲ ਵਿਚ ਓਹ ਇਕ ਸਦਾ ਜਾਗਦੀ ਜੋਤਿ ਸਨ ਜੋ ਸੰਨ ੧੪੬੯ ਵਿਚ ਮਨੁਖੀ ਸਰੀਰ ਅੰਦਰ ਪ੍ਰਗਟ ਹੋਏ। ਉਸ ਜੋਤਿ ਨੇ ਸੰਸਾਰ ਦੇ ਉਧਾਰ ਦੀ ਇਕ ਵਿਉਂਤ ਉਲੀਕੀ ਜਿਸ ਨੂੰ ਸਿਰੇ ਲਾਉਣ ਵਾਸਤੇ ਓਨ੍ਹਾਂ ਦਸ ਵਖਰੇ ੨ ਰੂਪਾਂ (ਪਹਿਲੇ ਨਾਨਕ ਤੋਂ ਦਸਵੇਂ ਨਾਨਕ ਤਕ) ਵਿਚ ਮਨੁਖੀ ਸਰੀਰ ਅੰਦਰ ਸੰਸਾਰ ਤੇ ਵਿਚਰ ਕੇ ਆਪਣੇ ਮਿਥੇ ਕੰਮ ਨੂੰ ਪੂਰਾ ਕੀਤਾ ਅਤੇ ਮਨੁਖਤਾ ਨੂੰ ਸਦਾ-ਤ੍ਰੈ-ਕਾਲ ਅਗਵਾਈ ਦੇਂਦੇ ਰਹਿਣ ਲਈ ਸ਼ਬਦ ਰੂਪ ਅੰਦਰ ਹਮੇਸ਼ਾਂ ਲਈ ਟਿਕ ਗਏ।

(੧) ਸ਼ਬਦ ਰੂਪ ਅੰਦਰ ਸਤਿਗੁਰੂ ਨਾਨਕ ਦੇਵ ਜੀ ਸਦਾ ਮੌਜੂਦ ਹਨ ਅਤੇ ਮੌਜੂਦ ਰਹਿਣਗੇ ਅਤੇ ਇਹ ਨਿਸਚਾ ਕਿ 'ਸਤਿਗੁਰੂ ਜਾਗਤ ਜੋਤਿ (Living Guru) ਸਦਾ ਸੰਗ ਹੈ' ਸਤਿਗੁਰੂ ਦੀ ਵਿਸ਼ੇਸ਼ ਦੇਣ ਹੈ।

ਸ਼ਬਦ ਰੂਪ ਕੀ ਹੈ?

ਕੀ 'ਸ਼ਬਦ' ਕੁਝ ਅੱਖਰਾਂ ਦਾ ਜੋੜ ਹੈ? ਨਹੀਂ। ਕੀ 'ਸ਼ਬਦ' ਛੰਦ ਦਾ ਕੋਈ ਰੂਪ ਹੈ? ਨਹੀਂ। ਕੀ 'ਸ਼ਬਦ' ਸੁਣੀ ਜਾਣ ਵਾਲੀ ਅਵਾਜ਼ ਹੈ? ਨਹੀਂ। ਕੀ 'ਸ਼ਬਦ' ਦਾ ਦ੍ਰਿਸ਼ਟਮਾਨ ਕੋਈ ਆਕਾਰ ਹੈ ਭੀ? ਨਹੀਂ। ਤਾਂ 'ਸ਼ਬਦ' ਜੋ ਸਤਿਗੁਰੂ ਹੈ ਅਤੇ ਸਦਾ ਸੰਗ ਹੈ, ਕੀ ਹੈ? ਭਾਵੇਂ ਇਸਦਾ ਪ੍ਰਗਟ ਅਤੇ ਪ੍ਰਤਖ ਰੂਪ ਤਾਂ ਅੱਖਰਾਂ ਦੇ ਬਹੁਤ ਸਾਰੇ ਜੋੜਾਂ ਤੋਂ ਬਣੇ ਕਈ ਛੰਦਾਂ, ਜੋ ਪੜ੍ਹੇ, ਸੁਣੇ ਅਤੇ ਗਾਏ ਜਾ ਸਕਦੇ ਹਨ,

ਦਾ ਇਕ ਗ੍ਰੰਥ ਰੂਪ ਖਜ਼ਾਨਾ ਹੈ, ਵਾਸਤਵ ਵਿਚ ਇਹ ਨ ਅੱਖਰਾਂ ਦਾ ਜੋੜ ਹੈ, ਨ ਛੰਦ ਅਤੇ ਨ ਕੋਈ ਆਵਾਜ਼, ਇਹ ਤਾਂ ਸਤਿਗੁਰੂ ਨਾਨਕ ਦੀ ਸਦਾ ਜਗਦੀ ਜੋਤਿ ਹੈ ਜੋ ਇਸ ਮਹਾਨ ਗਰੰਥ ਵਿਚ ਆਦਿ ਤੋਂ ਅੰਤ ਤਕ ਇਕ ਸਾਰ ਰਮ ਰਹੀ ਹੈ। ਇਸ ਜੋਤਿ ਦਾ ਪ੍ਰਕਾਸ਼ ਉਨ੍ਹਾਂ ਨੂੰ ਹੁੰਦਾ ਹੈ :

(i) ਜੋ ਵਾਹਿਗੁਰੂ ਦੇ ਭੈ ਅੰਦਰ ਵਿਚਰਦੇ ਹਨ, ਜਿੰਨ੍ਹਾਂ ਨੂੰ ਇਹ ਦ੍ਰਿੜ ਹੋਇਆ ਹੈ ਕਿ ਵਾਹਿਗੁਰੂ ਸਦਾ ਸੁਣਦਾ ਤੇ ਵੇਖਦਾ ਹੈ ਇਸ ਲਈ ਉਹ ਅਜੇਹੀ ਗੱਲ ਕਰਨ ਤੋਂ ਝਿਜਕਦੇ ਹਨ ਜੋ ਉਸ ਨੂੰ ਚੰਗੀ ਨਾ ਲਗੇ।

(ii) ਜੋ ਵਾਹਿਗੁਰੂ ਦੇ ਪਿਆਰ ਅਤੇ ਉਸਨੂੰ ਮਿਲਣ ਦੀ ਇਛਾ ਵਿਚ ਜੀਉਂਦੇ ਹਨ।

(iii) ਇਹ ਇਛਾ ਪੂਰੀ ਕਰਨ ਲਈ ਜੋ ਸ਼ਬਦ ਵਿਚ ਜੁੜ ਕੇ ਸ਼ਬਦ ਦੇ ਵਿਚਾਰ ਦੁਆਰਾ ਆਪਣੀ ਸੁਰਤ ਨੂੰ ਵਾਹਿਗੁਰੂ ਵਿਚ ਟਿਕਾਉਂਦੇ ਹਨ :

'ਭੈ ਕੋ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ
ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ'

ਸੰਸਾਰ ਦੇ ਸਾਰੇ ਉਘੇ ਧਰਮਾਂ ਦੇ ਬਾਨੀ ਹੋਏ ਹਨ ਅਤੇ ਹਰ ਇਕ ਦੀ ਆਪਣੀ ਆਪਣੀ ਦੇਣ ਉਨ੍ਹਾਂ ਦੀ ਧਰਮ ਪੁਸਤਕ ਹੈ ਯਥਾ ਈਸਾਈ ਮਤ ਦੇ ਬਾਨੀ ਹਜ਼ਰਤ ਈਸਾ ਅਤੇ ਉਨ੍ਹਾਂ ਦੀ ਸੰਸਾਰ ਨੂੰ ਦੇਣ ਬਾਈਬਲ, ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਅਤੇ ਉਨਾਂ ਦੀ ਧਰਮ ਪੁਸਤਕ ਕੁਰਾਨ। ਹਰ ਧਰਮ ਦੇ ਅਨੁਯਾਈ ਆਪਣੇ ੨ ਧਰਮ ਗ੍ਰੰਥ ਲਈ ਸਤਕਾਰ ਰਖਦੇ ਅਤੇ ਉਸ ਤੋਂ ਅਗਵਾਈ ਪ੍ਰਾਪਤ ਕਰਦੇ ਹਨ। ਪਰ ਸਤਿਗੁਰੂ ਨਾਨਕ ਦੀ ਸਭ ਤੋਂ ਵਡੀ ਦੇਣ ਇਹ ਹੈ ਕਿ ਸਤਿਗੁਰੂ ਆਪ ਜੋਤਿ ਰੂਪ ਅੰਦਰ ਸਾਖਿਆਤ ਸਾਡੇ ਵਿਚ ਮੌਜੂਦ ਹਨ ਅਤੇ ਹਰ ਸਮੇਂ ਤੇ ਹਰ ਥਾਂ ਸਾਡੇ ਅੰਗ ਸੰਗ ਹਨ।

ਅਰਥਾਤ ਸਤਿਗੁਰੂ ਦੀ ਬਖਸ਼ਸ਼ ਬਾਣੀ ਅਤੇ ਗ੍ਰੰਥ ਜਿਸ ਵਿਚ

ਇਹ ਬਾਣੀ ਦਰਜ ਹੈ ਨਿਰਾ ਇਕ ਧਰਮ ਪੋਥੀ ਹੀ ਨਹੀਂ ਬਲਕਿ ਗੁਰੂ ਨਾਨਕ ਦਾ ਆਪਣਾ ਰੂਪ ਅਤੇ ਸਤਿਗੁਰੂ ਹੈ।

ਜਿਸ ਤਰ੍ਹਾਂ ਸਤਿਗੁਰੂ ਨਾਨਕ ਦੇਵ ਆਪਣੇ ਜੋਤਿ ਰੂਪ ਵਿਚ ਸ਼ਬਦ ਤਥਾ ਆਦਿ ਗ੍ਰੰਥ ਸਾਹਿਬ ਅੰਦਰ ਮੌਜੂਦ ਹਨ, ਇਸੇ ਤਰ੍ਹਾਂ ਸਰੀਰ ਰੂਪ ਅੰਦਰ ਭੀ ਆਪ ਸਾਡੇ ਵਿਚ ਮੌਜੂਦ ਹਨ। ਅਸਾਂ ਵੇਖ ਚੁਕੇ ਹਾਂ ਕਿ ਗੁਰੂ ਨਾਨਕ ਨੇ ਸੰਨ ੧੫੩੯ ਵਿਚ ਸਰੀਰ ਬਦਲੀ ਕੀਤੀ ਅਤੇ ਗੁਰੂ ਅੰਗਦ ਦਾ ਸਰੀਰ ਧਾਰਨ ਕਰ ਲਿਆ। ਇਸੇ ਤਰ੍ਹਾਂ ਆਪ ਨੇ ਨੌ ਵਾਰ ਸਰੀਰ ਬਦਲਿਆ ਅਤੇ ਜਦੋਂ ਦਸਵੇਂ ਨਾਨਕ (ਗੁਰੂ ਗੋਬਿੰਦ ਸਿੰਘ) ਦੇ ਰੂਪ ਅੰਦਰ ਆਪ ਆਪਣਾ ਕੰਮ ਪੂਰਾ ਕਰ ਚੁਕੇ ਤਾਂ ਆਪ 'ਖਾਲਸਾ' ਰੂਪ ਅੰਦਰ ਬਿਰਾਜ ਗਏ। ਆਪ ਨੇ ਆਪਣੇ ਮੁਖਵਾਕ ਦੁਆਰਾ ਫਰਮਾਇਆ

'ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੈ ਹਉ ਕਰੋ ਨਿਵਾਸ।'
'ਮੈਂ ਖਾਲਸੇ ਕਾ ਖਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇ ਰੋ।'

ਜਿਸ ਤਰ੍ਹਾਂ ਸਰੀਰ ਦਾ ਵਿਸ਼ੇਸ਼ ਭਾਗ ਦਿਮਾਗ਼ ਹੈ ਜੋ ਸਰੀਰ ਦੀ ਅਗਵਾਈ ਕਰਦਾ ਹੈ ਜਾਂ ਜਿਸ ਤਰਾਂ ਸਰੀਰ ਨੂੰ ਸੁਰਜੀਤ ਰਖਣ ਲਈ ਆਤਮਾ ਹੈ ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਹੈ। ਖਾਲਸੇ ਦੀ ਆਤਮਕ ਸ਼ਕਤੀ ਜਾਂ ਜੀਵਨ ਜੋਤਿ ਸ੍ਰੀ ਗੁਰੂ ਗ੍ਰੰਥ ਹੈ ਜਿਸ ਦੇ ਆਸਰੇ ਖਾਲਸਾ ਜੀਊਂਦਾ ਹੈ ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਸੀ :

'ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ।'

ਜੇ ਕਰ ਸ਼ਬਦ ਦੀ ਜੋਤਿ ਇਸ ਦੇ ਅੰਦਰ ਨਹੀਂ ਜਗੀ ਤਾਂ ਇਹ ਖਾਲਸਾ ਨਹੀਂ।

ਖਾਲਸੇ ਬਾਰੇ ਇਹ ਜਾਣ ਲੈਣਾ ਭੀ ਜ਼ਰੂਰੀ ਹੈ ਕਿ ਖਾਲਸਾ ਵਿਅਕਤੀਤਵ ਹੋਂਦ ਨਹੀਂ, ਬਲਕਿ ਸੰਗਠਨ ਹੈ, ਸੰਗਤ ਹੈ, ਭਾਈ-

ਚਾਰਾ (Brotherhood) ਹੈ ਜਿਸ ਵਿਚ ਉਚ ਨੀਚ, ਜਾਤ ਕੁਜਾਤ ਜਾਂ ਇਸਤਰੀ ਮਰਦ ਦਾ ਭੇਦ ਨਹੀਂ, ਪਰ ਖਾਲਸਾ ਕੁਝ ਹੋਰ ਭੀ ਹੈ। ਸ: ਕਪੂਰ ਸਿੰਘ ਦੇ ਸ਼ਬਦਾਂ ਵਿਚ 'ਸੰਗਤ ਤਾਂ ਸਿੱਖਾਂ ਦੀ ਹੈ, ਓਹਨਾਂ ਧਰਮ ਅਭਿਲਾਸ਼ੀਆਂ ਦਾ ਸਮਾਜ ਹੈ ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਤੇ ਅਪਨਾਉਂਦੇ ਹਨ ਤੇ ਇਉਂ ਉਨ੍ਹਾਂ ਦਾ ਗੁਰੂ ਨਾਲ ਰਿਸ਼ਤਾ ਸ਼ਰਧਾ ਤੇ ਨਿਸਚੇ ਦਾ ਹੈ' ਪ੍ਰੰਤੂ 'ਖਾਲਸਾ ਉਸ ਸਮਾਜਕ ਤੇ ਰਾਜਸੀ ਪ੍ਰਬੰਧ ਸਾਸ਼ਨ ਦਾ ਸ੍ਰਿਸ਼ਟਾ, ਨਿਰਮਾਤਾ ਸਥਾਪਤ ਕਰਨ ਵਾਲਾ ਹੈ, ਜਿਸ ਸਮਾਜੀ ਤੇ ਰਾਜਸੀ ਨਜ਼ਾਮ ਵਿਚ ਸ਼ੁਧ ਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ', 'ਖਾਲਸੇ ਦਾ ਪ੍ਰੋਗਰਾਮ ਤੇ ਆਸ਼ਾ ਤੇ ਉਦੇਸ਼ ਇਹੋ ਹੈ ਕਿ ਕਿਸੇ ਹਾਲਤ ਭੀ ਤੇ ਕਿਸੇ ਕਾਲ ਨੀਤੀ ਦੇ ਪ੍ਰਭਾਵ ਹੇਠਾਂ ਪਰਾਧੀਨਤਾ ਸਵੀਕਾਰ ਨਾ ਕਰੇ, ਜਿਹਾ ਕਿ ਭਾਈ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

ਕਿਸ ਹੂੰ ਕੀ ਇਹ ਕਾਣ ਨ ਧਰ ਹੈਂ
ਰਾਜ ਕਰੇਂ ਇਕੇ ਲਰ ਮਰ ਹੈਂ

ਖਾਲਸਾ ਅਜੇਹਾ ਰਾਜ ਸਥਾਪਤ ਕਰੇ ਜਿਸ ਵਿਚ ਨਿਰਮਲ ਕਿਰਦਾਰ ਵਾਲੇ ਲੋਕਾਂ ਦੀ ਰਖਿਆ ਅਤੇ ਦੁਰਜਨਾਂ ਦੀ ਸੁਧ ਸੁਧਾਈ ਹੁੰਦੀ ਰਹੇ

'ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤਰ ਸਭੈ ਅਵਿਲੋਕ ਚਪੈਂਗੇ'

ਇਸੇ ਲਈ ਸਤਿਗੁਰੂ ਨੇ ਕਿਹਾ ਸੀ :

ਇਹੈ ਕਾਜ ਧਰਾ ਹਮ ਜਨਮੰ, ਸਮਝ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ'

ਖਾਲਸਾ, ਸਤਿਗੁਰੂ ਨਾਨਕ ਦੇ ਉਲੀਕੇ ਪਲੈਨ ਦਾ ਸਿਖਰ ਸੀ ਜਿਸ ਨੂੰ ਦਸਵੇਂ ਨਾਨਕ ਸਰੂਪ ਨੇ ਸੰਪੂਰਨ ਕਰਕੇ ਪ੍ਰਭੂ ਏਕਤਾ, ਮਾਨਵ ਸਮਾਨਤਾ ਅਤੇ ਸੁਤੰਤਰਤਾ ਦ੍ਰਿੜ ਕਰਾਈ ਅਤੇ ਕਿਹਾ ਐਸਾ ਖਾਲਸਾ ਵਾਹਿਗੁਰੂ ਦਾ ਹੈ ਅਤੇ ਫ਼ਤਹਿ ਭੀ ਵਾਹਿਗੁਰੂ ਦੀ ਹੈ।

ਦੇਗ ਤੇਗ ਫ਼ਤਹ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਸੋ ਸਤਿਗੁਰੂ ਨਾਨਕ ਦੇਵ ਜੀ ਨੇ ਜੋ ਨਵਾਂ ਵਿਸ਼ਵਾਸ਼ ਸੰਸਾਰ ਨੂੰ ਦਿਤਾ ਓਹ ਇਹ ਸੀ ਕਿ ਗੁਰੂ ਇਕ ਸਦੀਵੀ ਜਾਗਦੀ ਜੋਤਿ (Eternal Living Entity) ਹੈ ਜੋ ਸ਼ਬਦ ਰੂਪ ਵਿਚ ਗੁਰੂ ਗਰੰਥ ਸਾਹਿਬ ਅੰਦਰ ਬਿਰਾਜਮਾਨ ਹੈ ਅਤੇ ਜਿਸਦਾ ਪਰਗਟ ਸਰੀਰਕ ਰੂਪ ਓਹ ਖਾਲਸਾ ਸੰਗਠਨ ਹੈ ਜਿਸ ਅੰਦਰ ਗੁਰੂ ਜੋਤਿ ਪੂਰਨ ਤੌਰ ਮਘ ਚੁਕੀ ਹੋਈ ਹੈ।

(੨) ਸਤਿਗੁਰੂ ਦੀ ਦੂਜੀ ਦੇਣ ਵੀ ਪਹਿਲੀ ਦੀ ਤਰ੍ਹਾਂ ਸਾਰੀ ਮਨੁਖਤਾ ਲਈ ਇਕੋ ਤੇ ਸਾਂਝੀ ਸੀ ਪਰ ਇਸ ਦਾ ਸੰਬੰਧ ਹਰ ਮਨੁਖ ਦੇ ਨਿਜੀ ਵਿਅਕਤੀਤਵ ਨਾਲ ਸੀ। ਇਹ ਸੀ ਸਹਜ ਜੀਵਨ ਜੁਗਤਿ, ਅਰਥਾਤ ਕੁਦਰਤ ਦੇ ਬੈਧਾਨ ਅਨਕੂਲ ਜੀਵਿਆ ਸੁਭਾਵਕ ਜੀਵਨ, ਜਿਸ ਵਿਚ ਕੋਈ ਉਚੇਚ ਨਹੀਂ, ਕੋਈ ਖਿਚਾਓ ਨਹੀਂ, ਵਿਰੋਧ ਨਹੀਂ, ਕੁੜੱਤਨ ਨਹੀਂ, ਕੋਈ ਓਪਰਾ ਨਹੀਂ, ਕਿਸੇ ਨਾਲ ਦ੍ਵੈਖ ਨਹੀਂ, ਕਿਸੇ ਤੇ ਕੋਈ ਭਾਰੂ ਨਹੀਂ, ਸਭ ਆਪਨੇ ਹਨ, ਜੋ ਧਰਮ ਦੀ ਕਿਰਤ ਵਿਰਤ ਕਰਦਾ, ਵੰਡ ਛਕਦਾ ਤੇ ਨਾਮ ਜਪਦਾ ਹੈ, ਭਰੋਸਾ ਗੁਰੂ ਉਤੇ ਅਤੇ ਟੇਕ ਅਕਾਲ ਦੀ ਰਖਦਾ ਹੈ, ਦੀਨ ਦੁਖੀ ਤੇ ਲੋੜਵੰਦ ਦਾ ਸਹਾਰਾ ਹੈ, ਦੁਸ਼ਟਾਂ ਅਤੇ ਧਰਮ ਦੇ ਦੋਖੀਆਂ ਨੂੰ ਸੋਧਨ ਵਾਲਾ ਹੈ। ਠਾਠਾ ਬਾਗਾ ਸਭ ਨਾਲ ਪਰ ਸੁਰਤ ਨੂੰ ਟਿਕਾਣੇ ਰਖਦਾ ਹੈ। ਖਾਲਸਾ ਸੰਗਠਨ ਦਾ ਸੁਥਰਾ ਅੰਗ ਹੈ ਅਤੇ ਸਰਬਤ ਦਾ ਭਲਾ ਲੋਚਦਾ ਅਤੇ ਹੁਕਮ ਰਜ਼ਾਈ ਚਲਦਾ ਹੋਇਆ ਸਚ ਦਾ ਰਾਹੀ ਬਣਦਾ ਹੈ। ਇਹ ਸੀ ਸਹਿਜ ਜੀਵਨ ਜੁਗਤਿ ਜੋ ਸੰਸਾਰ ਨੂੰ ਦੇਣ ਲਈ ਸਤਿਗੁਰੂ ਸੰਸਾਰ ਤੇ ਆਏ ਸਨ। ਆਪ ਜੋਤਿ ਤੇ ਜੁਗਤ ਲੈ ਕੇ ਆਏ ਸਨ ਅਤੇ ਦਸ ਸਰੀਰਾਂ ਅੰਦਰ ਵਿਚਰ ਕੇ ਉਸੇ ਜੋਤਿ ਦੇ ਉਜ਼ਾਲੇ ਵਿਚ ਸਹਜ ਜੀਵਨ ਜੁਗਤਿ ਦਾ ਪਰਚਾ ਸਾਰੇ ਸੰਸਾਰ ਵਿਚ ਆਪ ਨੇ ਪਾਇਆ ਅਤੇ ਅਖੀਰ ਜੋਤਿ ਅਤੇ ਜੁਗਤ ਦੋਹਾਂ ਨੂੰ ਸ਼ਬਦ ਅਤੇ ਖਾਲਸੇ ਅੰਦਰ ਟਿਕਾ ਦਿਤਾ।

ਜੋਤਿ ਓਹਾ ਜੁਗਤਿ ਸਾਇ ਸਹ ਕਾਇਆ ਫੇਰ ਪਲਟੀਐ।